Vide R.N.I. No. Pun-Pun 2002/8323
ASR/0001/2018/20

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 30/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 134
D.O.P. 10 June 2020

ਜਪ੍ਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥



# ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਕਿਰਪਾ ਸਦਕਾ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਰਸਨਾ ਤੋਂ ਰੋਜ਼ਾਨਾ ਕਥਾ-ਕੀਰਤਨ ਇਨ੍ਹਾਂ ਚੈਨਲਾਂ ਤੋਂ ਸਰਵਣ ਕਰੋ ਜੀ



| | | | |
|---|---|---|---|
| ਸਮਾਂ ਸਵੇਰੇ 7:00 ਵਜੇ ਤੋਂ 7:30 ਕਥਾ ਕੀਰਤਨ | ਡੀ-ਡੀ ਪੰਜਾਬੀ | ਚੈਨਲ ਨੰਬਰ 39 | PUNJABI ਪੰਜਾਬੀ |
| ਸਮਾਂ ਸਵੇਰੇ 8:25 ਵਜੇ ਤੋਂ 9:10 ਕਥਾ ਕੀਰਤਨ | ਫਤਹਿ ਟੀ.ਵੀ. | ਚੈਨਲ ਨੰਬਰ 409 | FATEH TV |
| ਸਮਾਂ ਸਵੇਰੇ 9:00 ਵਜੇ ਤੋਂ 10:30 ਪਾਠ ਸ੍ਰੀ ਸੁਖਮਨੀ ਸਾਹਿਬ | ਅੰਮ੍ਰਿਤ ਟੀ.ਵੀ. | ਚੈਨਲ ਨੰਬਰ 408 | ਅੰਮ੍ਰਿਤ |
| ਸਮਾਂ ਸਵੇਰੇ 11:40 ਵਜੇ ਤੋਂ 12:40 ਕਥਾ ਕੀਰਤਨ | ਅੰਮ੍ਰਿਤ ਟੀ.ਵੀ. | ਚੈਨਲ ਨੰਬਰ 408 | ਅੰਮ੍ਰਿਤ |
| ਸਮਾਂ ਸ਼ਾਮ 5:00 ਵਜੇ ਤੋਂ 5:30 ਕਥਾ ਕੀਰਤਨ | ਚੜ੍ਹਦੀ ਕਲਾ ਟਾਈਮ ਟੀ.ਵੀ. | ਚੈਨਲ ਨੰਬਰ 67 | CHARDIKLA TIME TV |
| ਸਮਾਂ ਰਾਤ 9:00 ਵਜੇ ਤੋਂ 10:00 ਕਥਾ ਕੀਰਤਨ | ੴ ਚੈਨਲ | ਚੈਨਲ ਨੰਬਰ 404 | EK ONKAR |

## ਭਾਈ ਗੁਰਇਕਬਾਲ ਸਿੰਘ ਜੀ ਦੀਆਂ ਹੱਥ ਲਿਖਤ 9 ਕਿਤਾਬਾਂ

ਭਾਈ ਸਾਹਿਬ ਜੀ ਦੀਆਂ ਹੱਥ ਲਿਖਤ 9 ਕਿਤਾਬਾਂ ਦਾ ਸੈੱਟ ਆਪ ਜੀ ਘਰ ਬੈਠੇ VPP ਰਾਹੀਂ ਪ੍ਰਾਪਤ ਕਰ ਸਕਦੇ ਹੋ ਜੀ ।

ਕਿਤਾਬਾਂ ਮੰਗਵਾਉਣ ਲਈ ਮੋਬਾਇਲ ਨੰ. 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ ਮੈਸੇਜ ਕਰ ਦੇਵੋ।

ਡਾਕੀਆ ਆਪ ਜੀ ਦੇ ਘਰ ਕਿਤਾਬਾਂ ਦੇ ਜਾਵੇਗਾ ਤੇ ਭੇਟਾ ਲੈ ਜਾਵੇਗਾ।



Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-134ਵਾਂ (2020)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਦਸਵਾਂ ਭਾਗ- ਧੰਨ ਧੰਨ ਬੀਬੀ ਦੇਸਾਂ ਜੀ 5
ਜ਼ਿੰਦਗੀ ਦੀਆਂ ਬਰੀਕੀਆਂ 16
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 19
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 20
ਮੈਨੂੰ ਜ਼ਰੂਰ ਪੜ੍ਹੋ 22
ਅਧਿਆਤਮਿਕ ਵਿਚਾਰਾਂ 23
ਸਭ ਤੋਂ ਉੱਚੇ ਤਖਤ ਦਾ ਮਾਲਕ ਕਿਤਨਾ ਗਰੀਬ ਨਿਵਾਜ 24
ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ 29
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 33
ਅਨਮੋਲ ਬਚਨ 35
ਪਰਖ ਤੇ ਪ੍ਰਪੱਕਤਾ 36
ज़िंदगी की बारीकियाँ 37
श्री आनंदपुर साहिब के स्थान की
अनेक बड़ाईयाँ 40
तेरा कीआ मीठा लागै 45
गुरू के प्यारे सिक्ख के जीवन की
छः निशानियां 50
Where would Dhan Sri Guru
Amar Das Ji Take Rest 53
Which are the Ten Sins? 58

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਿਛਲੇ ਅੰਕ ਤੋਂ ਸਿਫਤਿ ਸਾਲਾਹ ਦੇ ਕਾਲਮਾਂ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀਆਂ ਅਨੰਤ ਸਿਫਤਾਂ, ਅਨੰਤ ਵਡਿਆਈਆਂ ਨੂੰ ਸੰਗਤਾਂ ਸਾਹਮਣੇ ਉਜਾਗਰ ਕਰਨ ਦਾ ਸਤਿਗੁਰੂ ਜੀ ਦੀ ਕਿਰਪਾ ਨਾਲ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਪਿਤਾ ਜੀ ਦੀਆਂ ਵਡਿਆਈਆਂ ਕਰੀਏ ਵੀ ਕਿਉਂ ਨਾ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਰਗਾ ਰਹਿਬਰ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਰਗਾ ਪਿਤਾ ਨਾ ਹੋਇਆ ਹੈ, ਨਾ ਹੋਵੇਗਾ। ਸਾਡੇ ਧੰਨ ਭਾਗ, ਐਸੇ ਮਹਾਨ ਪਿਤਾ ਗੁਰੂ ਸਾਹਿਬ ਜੀ ਦੇ ਚਰਨ ਪਰਸਣ ਦਾ ਸੁਭਾਗ ਸਮਾਂ ਪ੍ਰਾਪਤ ਹੋ ਰਿਹਾ ਹੈ। ਪਿਤਾ ਜੀ ਦੇ 400ਵੇਂ ਪ੍ਰਕਾਸ਼ ਦਿਵਸ ਦੀ ਸ਼ਤਾਬਦੀ ਮਨਾਉਂਦਿਆਂ ਉਨ੍ਹਾਂ ਦੇ ਮਹਾਨ ਜੀਵਨ ਦਰਸ਼ਨ ਵਿੱਚ ਕੋਈ ਨਾ ਕੋਈ ਗੁਣ ਉਨ੍ਹਾਂ ਦੀ ਕਿਰਪਾ ਨਾਲ ਹੀ ਧਾਰਨ ਕਰਨ ਦਾ ਜ਼ਰੂਰ ਯਤਨ ਕਰੀਏ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਜੀਵਨ ਪਹਿਲੂ ਤੇ ਨਜ਼ਰਸਾਨੀ ਕਰਦਿਆਂ ਇੱਕ ਗੁਣ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਪਿਤਾ ਜੀ ਦਾ ਨੇਮ ਕਿੰਨਾ ਸੀ ਤੇ ਕਿਵੇਂ ਨੇਮ ਕਰਦੇ ਸਨ? ਪਿੰਡ ਬਾਬਾ ਬਕਾਲਾ ਜੀ ਦਾ ਭੋਰਾ ਸਾਹਿਬ ਪਿਤਾ ਜੀ ਦੇ ਨੇਮ ਦੀ ਅੱਜ ਵੀ ਗਵਾਹੀ ਭਰਦਾ ਹੈ। ਪਿਤਾ ਜੀ ਭੋਰਿਆਂ ਵਿੱਚ ਇਕਾਗਰਤਾ ਬੰਦਗੀ ਦੇ ਆਸ਼ਕ ਸਨ। 26 ਸਾਲ, 9 ਮਹੀਨੇ, 13 ਦਿਨ ਬਾਬਾ ਬਕਾਲੇ ਵਿਖੇ ਪਿਤਾ ਜੀ ਭੋਰਾ ਸਾਹਿਬ ਵਿੱਚ ਰਹੇ ਤੇ ਧੰਨ ਧੰਨ ਮਾਤਾ ਗੁਜਰ ਕੌਰ ਜੀ ਨੇ ਭੋਰਾ ਸਾਹਿਬ ਦੇ ਬਾਹਰ ਨਿਮਾਣੇ ਸੇਵਕ ਵਜੋਂ ਪਹਿਰਾ ਦਿੱਤਾ। ਇੱਥੋਂ ਸਾਨੂੰ ਕੀ ਸੇਧ ਮਿਲਦੀ ਹੈ ਕਿ ਅਸੀਂ ਵੀ ਬੱਝਵੀਂ ਭਗਤੀ ਕਰੀਏ। ਇੱਕ ਹੁੰਦੀ ਹੈ, ਖਿੰਡੀ-ਪੁੰਡੀ ਭਗਤੀ। ਕਦੀ ਕਿਤੇ ਬੈਠ ਕੇ ਬਾਣੀ ਪੜ੍ਹ ਲਈ, ਕਦੀ ਕਿਤੇ, ਉਹ ਵੀ ਮੁਬਾਰਕ ਪਰ ਇੱਕ ਹੈ ਬੱਝਵੀਂ ਭਗਤੀ। ਇੰਨਾ ਸਮਾਂ ਮੈਂ ਚੌਂਕੜਾ ਲਗਾਉਣਾ ਹੀ ਲਗਾਉਣਾ ਹੈ। ਇਸ ਨਾਲ ਫਿਰ ਅਗਲੀਆਂ ਮੰਜ਼ਿਲਾਂ ਮਿਲਦੀਆਂ ਹਨ ਤੇ ਕਦੀ-ਕਦੀ ਚਿੱਤ ਕਰੇ, ਹਫਤੇ ਵਿੱਚ ਇੱਕ ਦਿਨ ਜਾਂ ਮਹੀਨੇ ਵਿੱਚ, ਆਪਣੇ ਸਾਰੇ ਰੁਝੇਵੇਂ ਸੰਕੋਚ ਕੇ, ਕਈ-ਕਈ ਘੰਟੇ ਬੰਦਗੀ ਕਰਨੀ, ਜਪ-ਤਪ ਕਰਨਾ। ਅੱਜ ਲੋੜ ਹੈ, ਇਸ ਗੁਣ ਨੂੰ ਆਪਣੇ ਅੰਦਰ ਧਾਰਨ ਕਰਨ ਦੀ ਅਤੇ ਹੋ ਸਕੇ ਤੇ ਆਪਣੇ ਪਰਿਵਾਰ ਨੂੰ ਵੀ ਇਸ ਲਈ ਜਾਗਰੂਕ ਕਰਨਾ, ਪ੍ਰੇਰਨਾ ਦੇਣੀ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਇਸ ਗੁਣ ਤੇ ਵਿਚਾਰ ਕਰ ਰਹੇ ਹਾਂ ਕਿ ਪਿਤਾ ਜੀ ਬੰਦਗੀ ਦੇ ਆਸ਼ਕ ਸਨ ਤੇ ਇਸ ਗੁਣ ਨਾਲ ਇਤਿਹਾਸ ਵਿੱਚ ਉਨ੍ਹਾਂ ਦਾ ਇੱਕ ਹੋਰ ਪਹਿਲੂ ਵੀ ਸਾਹਮਣੇ ਆਉਂਦਾ ਹੈ ਕਿ ਬੰਦਗੀ ਦੇ ਰਸ ਵਿੱਚ ਇੰਨੇ ਰਸੇ ਹੋਏ ਸਨ ਕਿ ਬਹੁਤ ਘੱਟ ਬੋਲਦੇ ਸਨ। ਜ਼ਿਆਦਾ ਬੰਦਗੀ ਵਾਲੇ ਦੇ ਜੀਵਨ ਵਿੱਚ ਇਹ ਸਟੇਜ ਆ ਜਾਂਦੀ ਹੈ ਕਿ ਫਿਰ ਦੂਜੇ ਰਸ ਫਿੱਕੇ ਪੈ ਜਾਂਦੇ ਹਨ। ਹਰ ਸਮੇਂ ਉਸ ਪਿਆਰੇ ਦੇ ਪਿਆਰ ਵਿੱਚ, ਉਸ ਦੇ ਰੰਗ ਵਿੱਚ ਰੰਗੇ ਰਹਿਣਾ। ਪਿਤਾ ਜੀ ਦੀ ਬਾਣੀ ਪੜ੍ਹੀਏ ਤੇ ਹਰ ਪੰਕਤੀ ਵਿੱਚ ਇਹੀ ਅਵਾਜ਼ ਆਉਂਦੀ ਹੈ, ਨਾਮ ਦੇ ਰਸ ਵਿੱਚ, ਨਾਮ ਦੇ ਰੰਗ ਵਿੱਚ ਰੰਗੇ ਰਹੋ।

*ਸਲੋਕ ਮਹਲਾ ੯ ॥*

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥ ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥*

*(ਅੰਗ ੧੪੨੬)*

ਬਾਕੀ ਸਭ ਕੁਝ ਮਿਥਿਆ ਹੈ, ਬਿਨਸ ਜਾਣਾ ਹੈ। ਨਾਮ ਦੀ ਉਪਮਾ ਵਿੱਚ, ਨਾਮ ਦੀ ਵਡਿਆਈ ਵਿੱਚ, ਨਾਮ ਦੀ ਮਹਿਮਾ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹਰ ਪਲ ਪ੍ਰੇਰਨਾ ਦਿੰਦੀ ਹੈ।

*ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥ (ਅੰਗ ੮੯)*

ਪਾਤਸ਼ਾਹ ਜੀ ਤਾਂ ਇੱਥੋਂ ਤੱਕ ਕਹਿੰਦੇ ਹਨ :

*ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥ (ਅੰਗ ੮੯)*

ਜਿਸ ਦੇ ਕੋਲ ਨਾਮ ਹੈ, ਉਸ ਤੋਂ ਵੱਡਾ ਹੋਰ ਕੋਈ ਬਾਦਸ਼ਾਹ ਨਹੀਂ। ਪਿਤਾ ਜੀ ਨੇ ਨਾਮ ਦੀ ਟੇਕ ਲਈ ਹੋਈ ਹੈ। ਨਾਮ ਦੀ ਟੇਕ ਵਿੱਚ ਉਹ ਅੰਦਰੋਂ ਆਪ ਵੀ ਟਿਕੇ ਹੋਏ ਹਨ ਤੇ ਸਾਨੂੰ ਵੀ ਅੰਦਰੋਂ ਟਿਕਣ ਦੀ ਪ੍ਰੇਰਨਾ ਦੇ ਰਹੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ਤੋਂ ਲੈ ਕੇ, ਬਾਬਾ ਬਕਾਲੇ ਹੁੰਦਿਆਂ ਦਿੱਲੀ ਦੇ ਚਾਂਦਨੀ ਚੌਂਕ ਸੀਸ ਧੜ ਤੋਂ ਜੁਦਾ ਹੋਣ ਤੱਕ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਹਰ ਸਵਾਸ, ਹਰ ਪਲ ਨਾਮ ਨਾਲ ਜੁੜਿਆ ਹੋਇਆ ਹੈ। ਆਓ ਅਸੀਂ ਪਿਤਾ ਜੀ ਦਾ ਪਾਵਨ ਪ੍ਰਕਾਸ਼ ਸ਼ਤਾਬਦੀ ਮਨਾਉਂਦਿਆਂ ਆਪ ਵੀ ਨਾਮ ਨਾਲ ਜੁੜੀਏ ਤੇ ਆਪਣੇ ਬੱਚਿਆਂ ਨੂੰ ਵੀ ਨਾਮ ਨਾਲ ਜੋੜੀਏ। ਨਾਮ ਨੂੰ ਆਪਣਾ ਆਧਾਰ, ਨਾਮ ਨੂੰ ਆਪਣੀ ਟੇਕ ਬਣਾ ਲਈਏ ਤਾਂ ਕਿ ਇਹ ਸ਼ਤਾਬਦੀ ਸਾਡੀ ਮਨਾਈ ਹੋਈ ਪਿਤਾ ਜੀ ਦੇ ਚਰਨਾਂ ਵਿੱਚ ਪ੍ਰਵਾਨ ਹੋ ਜਾਵੇ।

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਦਸਵਾਂ ਭਾਗ- ਧੰਨ ਧੰਨ ਬੀਬੀ ਦੇਸਾਂ ਜੀ

**ਬੀਬੀ ਦੇਸਾਂ ਜੀ ਨੇ ਸਾਰਾ ਦਿਨ ਗੁਰੂ ਨਾਲ ਜੁੜਨ ਦਾ ਕੈਸਾ ਸਾਧਨ ਬਣਾਇਆ?**

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਦਸਵਾਂ ਭਾਗ- ਧੰਨ ਧੰਨ ਬੀਬੀ ਦੇਸਾਂ ਜੀ, ਜਿਨ੍ਹਾਂ ਨੇ ਸਾਰਾ ਦਿਨ ਗੁਰੂ ਸਾਹਿਬ ਦੇ ਚਰਨਾਂ ਨਾਲ ਜੁੜਨ ਦਾ ਕੈਸਾ ਸਾਧਨ ਬਣਾਇਆ? ਧੰਨ ਧੰਨ ਬੀਬੀ ਦੇਸਾਂ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

*ਜਬ ਲਉ ਨਹੀ ਭਾਗ ਲਿਲਾਰ ਉਦੈ
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ
ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥*

*(ਅੰਗ ੧੪੦੯)*

ਇੱਕ ਹੁੰਦਾ ਹੈ, ਸਾਹਮਣੇ ਕੋਈ ਆਇਆ ਹੈ ਤੇ ਉਸ ਨੂੰ ਤਾਰਨਾ। ਇਹ ਸੌਖਾ ਹੈ। ਇੱਕ ਹੈ, ਇਹੋ ਜਿਹਾ ਅਸਥਾਨ ਪ੍ਰਗਟ ਕਰ ਦੇਣਾ ਕਿ ਰਹਿੰਦੀ ਦੁਨੀਆਂ ਤੱਕ ਉਸ ਅਸਥਾਨ ਦੀ ਕੋਈ ਚਰਨ ਧੂੜੀ ਮਸਤਕ ਤੇ ਲਗਾਏਗਾ, ਨਮਸਕਾਰ ਕਰੇਗਾ, ਉੱਥੇ ਮੱਥਾ ਟੇਕੇਗਾ, ਤਰੀ ਜਾਵੇਗਾ। ਸਾਡੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਉਹ ਹਨ।

*ਦੋਨੋਂ ਬਡੇ ਜਹਾਜ਼ ਬਨਾਏ ॥
ਭਰ ਭਰ ਪੂਰ ਸੁ ਪਾਰ ਲੰਘਾਏ ॥*

ਦੋ ਜਹਾਜ਼ ਵੱਡੇ ਕਿਹੜੇ ਬਣਾਏ? ਇੱਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਦੂਜਾ

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥*

*(ਅੰਗ ੧੩੬੨)*

ਸਰਬਤ ਸੰਗਤਾਂ ਤੇ ਦਇਆ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੀ ਬਖ਼ਸ਼ਿਸ਼ ਕੀਤੀ ਤੇ ਅੱਜ ਭਰ ਭਰ ਕੇ ਪੂਰ ਪਾਰ ਲੰਘਾ ਰਹੇ ਹਨ। ਅਤੇ ਸਦਾ ਲੰਘਾਉਂਦੇ ਰਹਿਣਗੇ। ਦੇਣ ਕਿਸ ਦੀ? ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ, ਸਤਿਗੁਰੂ ਜੀ ਤੁਸੀਂ ਕੇਵਲ ਉਸ ਨੂੰ ਨਹੀਂ ਤਾਰਿਆ ਕਿ ਜਿਹੜਾ ਸਾਹਮਣੇ ਆਇਆ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਧੋ ਧੋ ਕੇ ਵੀ ਪੀ ਲਈਏ, ਥੋੜ੍ਹੇ ਹਨ। ਇੰਨਾ ਕੁਝ ਜਗਤ ਦੀ ਝੋਲੀ ਪਾਇਆ ਰਹਿੰਦੀ ਦੁਨੀਆਂ ਤੱਕ ਝੋਲੀਆਂ

ਭਰਦੀਆਂ ਰਹਿਣਗੀਆਂ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦੇਣ, ਮਰਿਆਦਾ ਬਣਾਉਣੀ, ਉਹ ਜੁਗਤ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ। ਸਾਰੀ ਬਾਣੀ ਇੱਕ ਜਗ੍ਹਾ ਇਕੱਤਰ ਕਰਨੀ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਪੂਰੀ ਵਿਉਂਤਬੰਦੀ ਨਾਲ, ਇਹ ਦੇਣ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ। ਸ੍ਰੀ ਸੁਖਮਨੀ ਸਾਹਿਬ ਜੀ ਦੀ ਦਾਤ ਝੋਲੀ ਵਿੱਚ ਪਾਉਣੀ, ਇਹ ਦੇਣ ਵੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ। ਅੱਜ ਵੀ ਚਮੜੀ ਦੇ ਰੋਗ, ਇਨ੍ਹਾਂ ਅੱਖਾਂ ਨਾਲ ਦੇਖੀ ਦੇ ਹਨ ਕਿ ਸ੍ਰੀ ਤਰਨ ਤਾਰਨ ਸਾਹਿਬ ਵਿਖੇ ਕਿਵੇਂ ਪ੍ਰਤੱਖ ਰਾਜ਼ੀ ਹੁੰਦੇ ਹਨ, ਸ੍ਰੀ ਤਰਨ ਤਾਰਨ ਸਾਹਿਬ ਦੀ ਦੇਣ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ। ਮੇਰੇ ਪਿਆਰੇ ਸਤਿਗੁਰੂ ਜੀ ਤੁਸੀਂ ਆਪ ਪਰਮੇਸ਼ਰ ਹੋ। ਜਿੱਥੇ ਚਰਨ ਪਾਏ ਹਨ, ਰਹਿੰਦੀ ਦੁਨੀਆਂ ਤੱਕ ਇਹੋ ਜਿਹੇ ਤੀਰਥ ਬਣਾ ਦਿੱਤੇ ਕਿ ਝੋਲੀਆਂ ਭਰੀਆਂ ਹੀ ਜਾ ਰਹੀਆਂ ਹਨ। ਸਾਡੇ ਪਿਤਾ ਜੀ ਦੇ ਇੰਨੇ ਵੱਡੇ ਕਾਰਜ ਹਨ, ਸਾਡੀ ਇਤਨੀ ਤਕੜੀ ਭਾਵਨਾ ਹੋਵੇ :

*ਭਨਿ ਮਥੁਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥੧੯॥*

*(ਅੰਗ ੧੪੦੯)*

ਆਓ ਜੀ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਇਸ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ, ਅੱਜ ਨੌਵਾਂ ਭਾਗ ਹੈ। ਜਿਹੜੇ ਸ਼ਬਦ ਦੀ ਚੋਣ ਕੀਤੀ, ਪਹਿਲਾਂ ਉਹ ਸ਼ਬਦ ਸਾਰੇ ਪਿਆਰ ਨਾਲ ਪੜ੍ਹੋ ਜੀ:

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ, ਉੱਚਾ ਸੁੱਚਾ ਦਰਗਾਹੀ ਘਰ, ਉਸ ਦਰਗਾਹੀ ਘਰ ਦੇ ਮਾਲਕ ਇਸ ਵੇਲੇ ਸਾਡੇ ਮੌਜੂਦਾ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

**ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :**

ਇਸ ਅੰਕ ਵਿੱਚ ਦਸਵੇਂ ਭਾਗ ਦੀ ਵਾਰੀ ਹੈ। ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਅੱਜ ਲੋੜ ਹੈ, ਇਸ ਪ੍ਰਚਾਰ ਦੀ। ਹੋਣ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਰ ਆਪਣੀ ਬੱਚੀ ਨੂੰ ਵੀ ਡੋਲੀ ਤੋਰਨ ਵੇਲੇ ਕੀ ਕੁਝ ਝੋਲੀ ਵਿੱਚ ਪਾ ਰਹੇ ਹਨ। ਉਹ ਵੇਰਵੇ ਬੀਬੀ ਵੀਰੋ ਜੀ ਦੇ ਜੀਵਨ ਵਿੱਚ ਆਪ ਜੀ ਨੇ ਸਰਵਣ ਕੀਤੇ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਦਸਵੇਂ ਭਾਗ ਦੀ ਵਾਰੀ ਹੈ। ਆਪਾਂ ਸਾਰੀਆਂ ਸੰਗਤਾਂ ਨੇ ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ ਦੇ ਜੀਵਨ ਦੇ ਦਰਗਾਹੀ ਦਰਸ਼ਨ ਕਰਨੇ ਹਨ, ਕੁਝ ਅੰਸ਼ ਆਪ ਜੀ ਦੇ ਚਰਨਾਂ ਵਿੱਚ ਰੱਖਾਂਗੇ।

ਤੁਹਾਨੂੰ ਸਾਰਿਆਂ ਨੂੰ ਪਤਾ ਹੋਵੇਗਾ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਭਾਈ ਆਦਮ ਜੀ ਆਏ ਸੀ। ਮਹਾਰਾਜ ਜੀ ਖੁਸ਼ ਹੋ ਗਏ ਸੀ

ਤੇ ਕਿਹਾ ਸੀ ਕਿ ਕੁਝ ਮੰਗੋ ਤੇ ਉਨ੍ਹਾਂ ਨੇ ਫਿਰ ਪੁੱਤਰ ਮੰਗਿਆ। ਉਮਰ ਵੱਡੀ ਸੀ ਪਰ ਮਨ ਦੀ ਇਹ ਆਸ ਸੀ ਕਿ ਘਰ ਬੂਟਾ ਲੱਗ ਜਾਵੇ। ਫਿਰ ਮਹਾਰਾਜ ਜੀ ਨੇ ਆਖਿਆ ਸੀ, ਪੁੱਤਰ ਹੋਵੇਗਾ। ਉਸ ਦੀ ਵੀ ਕੁੱਲ ਚਲੇਗੀ। ਨਾਮ ਭਗਤੀ, ਪ੍ਰੇਮ ਰਸੀਆ, ਉੱਚੀ ਕਮਾਈ ਵਾਲਾ ਹੋਵੇਗਾ। ਉਸ ਦਾ ਨਾਂ ਭਾਈ ਭਗਤੂ ਰੱਖਣਾ। ਭਾਈ ਆਦਮ ਜੀ ਦੇ ਪੁੱਤਰ ਭਾਈ ਭਗਤੂ ਜੀ। ਇਹ ਭਾਈ ਭਗਤੂ ਜੀ ਦੇ ਅੱਗੋਂ ਤਿੰਨ ਪੁੱਤਰ ਹੋਏ ਹਨ- ਪਹਿਲੇ ਭਾਈ ਗੋਰਾ ਜੀ, ਦੂਜੇ ਭਾਈ ਜੀਵਨ ਜੀ, ਤੀਜੇ ਦਾ ਨਾਮ ਨਹੀਂ ਮਿਲਿਆ। ਤੁਹਾਨੂੰ ਸਭ ਨੂੰ ਪਤਾ ਹੈ ਕਿ ਭਾਈ ਜੀਵਨ ਜੀ ਉਹ ਹੋਏ ਹਨ, ਜਿੰਨ੍ਹਾਂ ਨੇ ਸੱਤਵੇਂ ਪਾਤਸ਼ਾਹ ਜੀ ਦੀ ਖੁਸ਼ੀ ਲਈ, ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਇੱਕ ਪੰਡਿਤ ਨੇ ਟਿਚਕਰ ਕੀਤੀ ਸੀ, ਤੁਹਾਡੇ ਹੱਥ ਤਾਕਤ ਹੈ। ਮੇਰਾ ਜਵਾਨ ਪੁੱਤਰ ਮਰ ਗਿਆ ਹੈ, ਇਸ ਨੂੰ ਜੀਵਾਉ। ਧੀਰ ਮੱਲੀਆਂ ਨੇ ਸ਼ਰਾਰਤ ਨਾਲ ਭੇਜਿਆ ਸੀ ਤੇ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕਿਹਾ ਸੀ ਇਸ ਦੀ ਜਗ੍ਹਾ ਕਿਸੇ ਹੋਰ ਨੂੰ ਭੇਜ ਦਿਓ। ਇਸ ਨੂੰ ਉੱਠਾ ਦਿੰਦੇ ਹਾਂ। ਆਹ ਕੰਮ ਔਖਾ ਸੀ। ਇਹ ਭਾਈ ਜੀਵਨ ਜੀ, ਭਾਈ ਗੋਰਾ ਜੀ ਦਾ ਭਰਾ, ਭਾਈ ਭਗਤੂ ਜੀ ਦਾ ਪੁੱਤਰ, ਇਸ ਨੇ ਜਪੁ ਜੀ ਸਾਹਿਬ ਦਾ ਪਾਠ ਕਰਕੇ ਚਾਦਰ ਪੈਰ੍ਹਾਂ ਤੋਂ ਲੈ ਕੇ ਸਿਰ ਤੱਕ ਉਪਰ ਤਾਣ ਕੇ ਸਰੀਰ ਤਿਆਗ ਦਿੱਤਾ ਸੀ ਤੇ ਉਸ ਪੰਡਿਤ ਦਾ ਪੁੱਤਰ ਜਿਊਂਦਾ ਹੋ ਗਿਆ ਸੀ। ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਕਹਿੰਦੇ, ਪੰਡਿਤ ਜੀ, ਗੁਰੂ ਘਰ ਦਾ ਇਮਤਿਹਾਨ ਨਹੀਂ ਲਈਦਾ। ਤੁਹਾਡਾ ਕਾਰਜ ਤਾਂ ਰਾਸ ਹੋ ਗਿਆ ਹੈ ਪਰ ਸਾਡਾ ਬੜਾ ਹੀ ਪਿਆਰਾ ਸਿੱਖ ਉਸ ਨੇ ਸਾਡੇ ਬਚਨ ਪਿੱਛੇ ਸਰੀਰ ਤਿਆਗ ਦਿੱਤਾ ਹੈ। ਇੰਨੀ ਕਮਾਈ ਸੀ, ਇਨ੍ਹਾਂ ਸਿੱਖਾਂ ਦੀ। ਭੁੱਲ ਨਾ ਜਾਣਾ। ਭਾਈ ਆਦਮ ਜੀ ਦਾ ਪੁੱਤਰ ਭਾਈ ਭਗਤੂ ਜੀ। ਭਾਈ ਭਗਤੂ ਜੀ ਦੇ ਤਿੰਨ ਪੁੱਤਰ ਹੋਏ ਹਨ। ਦੋ ਨਾਂ ਮਿਲੇ ਹਨ, ਭਾਈ ਗੋਰਾ ਜੀ ਤੇ ਭਾਈ ਜੀਵਨ ਜੀ ਤੇ ਤੀਜੇ ਪੁੱਤਰ ਦਾ ਨਾਂ ਨਹੀਂ ਮਿਲਿਆ। ਇਸ ਅੰਕ ਵਿੱਚ ਜਿਸ ਬੀਬੀ ਦਾ ਜ਼ਿਕਰ ਆਪ ਜੀ ਨੇ ਪੜ੍ਹਨਾ ਹੈ, ਭਾਈ ਵੀਰ ਸਿੰਘ ਜੀ ਅਤੇ ਹੋਰ ਰਾਈਟਰਾਂ ਨੇ, ਬਹੁਤ ਇਤਿਹਾਸ ਦੇ ਪੰਨੇ ਇਸ ਦੇ ਜੀਵਨ ਨੂੰ ਦਿੱਤੇ ਹਨ। ਤਾਂ ਹੀ ਦਿੱਤੇ ਹਨ ਕਿ ਕੁਝ ਪੱਲੇ ਵਿੱਚ ਬਖਸ਼ਿਸ਼ ਹੈ ਸੀ। ਭਾਈ ਭਗਤੂ ਜੀ ਦੇ ਤੀਜੇ ਪੁੱਤਰ ਹਨ, ਇਹ ਉਨ੍ਹਾਂ ਦੀ ਪਤਨੀ ਹੋਏ ਹਨ :

### *ਧੰਨ ਧੰਨ ਬੀਬੀ ਦੇਸਾਂ ਜੀ*

ਪਤੀ ਚੜ੍ਹਾਈ ਕਰ ਚੁੱਕਾ ਹੈ ਤੇ ਭਾਈ ਭਗਤੂ ਜੀ ਦੀ ਨੂੰਹ ਕਹਿ ਲਓ ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੇ ਦਰਸ਼ਨ ਕਰਨੇ ਹਨ।

ਭਾਈ ਆਦਮ ਜੀ ਆਏ, ਚੌਥੇ ਪਾਤਸ਼ਾਹ ਜੀ ਵੇਲੇ। ਉਨ੍ਹਾਂ ਦੇ ਪੁੱਤਰ ਭਾਈ ਭਗਤੂ ਜੀ। ਉਨ੍ਹਾਂ ਦੇ ਅੱਗੋਂ ਤਿੰਨ ਪੁੱਤਰ ਤੇ ਤੀਜੇ ਪੁੱਤਰ ਦੀ ਪਤਨੀ ਬੀਬੀ ਦੇਸਾਂ। ਉਧਰੋਂ ਇੰਨਾ ਸਮਾਂ ਲੰਘ ਗਿਆ ਤੇ ਇਧਰੋਂ ਸਮਾਂ ਕਿਹੜਾ ਹੈ, ਕਲਗੀਧਰ ਪਿਤਾ ਜੀ ਦਾ। ਪਹਿਲਾਂ ਤਾਂ ਬੀਬੀ ਦੇਸਾਂ ਜੀ ਦੇ ਜੀਵਨ ਦੇ ਆਪਾਂ ਦਰਸ਼ਨ ਕਰਨੇ ਹਨ ਤੇ ਫਿਰ ਜਿਵੇਂ-ਜਿਵੇਂ ਅਗਾਂਹ ਗੁਰੂ ਸਾਹਿਬ ਸੇਵਾ ਲੈਣ। ਇਸ ਵਿੱਚੋਂ ਆਪਾਂ ਨੂੰ ਕੁਝ ਮਿਲਦਾ ਹੈ। ਉਨ੍ਹਾਂ ਦਾ ਨਿਤਨੇਮ ਕਿਹੋ ਜਿਹਾ ਸੀ, ਅਵਸਥਾ ਕਿਹੋ ਜਿਹੀ ਸੀ, ਸੁਰਤੀ ਕਿੱਥੇ ਟਿਕਾਉਂਦੇ ਸੀ। ਇਹ ਸੜਕਾਂ ਫਿਰ ਸਿੱਧੀਆਂ ਸੱਚਖੰਡ ਜਾਂਦੀਆਂ ਹਨ। ਇੱਥੇ ਪਹੁੰਚਣਾ ਹੈ। ਆਓ, ਭਾਈ ਭਗਤੂ ਜੀ ਦੀ ਨੂੰਹ, ਬੀਬੀ ਦੇਸਾਂ ਜੀ, ਆਓ ਇਸ ਅੰਕ ਵਿੱਚ ਉਨ੍ਹਾਂ ਦੇ ਜੀਵਨ ਦੇ ਦਰਸ਼ਨ ਕਰੀਏ। ਇੱਕ ਵਾਰੀ ਪਿਆਰ ਨਾਲ ਪੰਕਤੀ ਬੋਲੋ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਭਾਈ ਭਗਤੂ ਜੀ ਦੀ ਨੂੰਹ, ਛੋਟੀ ਨੂੰਹ ਲਿਖਿਆ ਹੈ ਤੇ ਸਾਰੇ ਪਿਆਰ ਨਾਲ ਚਾਚੀ ਕਹਿੰਦੇ ਸੀ। ਦੋਵੇਂ ਜੇਠਾਂ ਦੇ ਬੱਚੇ ਚਾਚੀ ਕਹਿੰਦੇ ਸੀ। ਪਤੀ ਪਰਲੋਕ ਸਿਧਾਰ ਚੁੱਕਾ ਹੈ ਪਰ ਜਦੋਂ ਪਤੀ ਹੈ ਸੀ, ਦਾਸ ਨੂੰ ਗੱਲ ਚੰਗੀ ਲੱਗੀ, ਤੁਸੀਂ ਵੀ ਦੇਖ ਲੈਣਾ। ਜਦੋਂ ਪਤੀ ਸੀ ਤੇ

ਉਸ ਨਾਲ ਸ੍ਰੀ ਅਨੰਦਪੁਰ ਸਾਹਿਬ ਜਾਂਦੇ ਸਨ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ। ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਲਿਖਿਆ ਹੈ ਕਿ ਬੀਬੀ ਦੇਸਾਂ ਜੀ ਨੇ ਆਪਣੇ ਪਤੀ ਨਾਲ ਜਦੋਂ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਜਾਣਾ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਤੇ ਇੱਕੋ ਝੋਲੀ ਅੱਡਣੀ। ਉਹ ਕਿਹੜੀ ਝੋਲੀ ਅੱਡਣੀ? ਦਾਸ ਨੂੰ ਗੱਲ ਚੰਗੀ ਲੱਗੀ, ਤੁਸੀਂ ਵੀ ਵਿੱਚੋਂ ਕੁਝ ਪ੍ਰੇਮ ਦਾ ਕਿਨਕਾ ਲੈਣਾ। ਤੁਸੀਂ ਵੀ ਕਦੇ ਗੁਰਦੁਆਰਾ ਸਾਹਿਬ ਜਾਂਦੇ ਹੋ ਜਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਜਾਂ ਸ੍ਰੀ ਹੇਮਕੁੰਟ ਸਾਹਿਬ ਜਾਂ ਤਖ਼ਤ ਸ੍ਰੀ ਪਟਨਾ ਸਾਹਿਬ ਜਾਂ ਸ੍ਰੀ ਦਰਬਾਰ ਸਾਹਿਬ ਤੇ ਇਹ ਮੰਗਿਆ ਕਰੋ। ਐਵੇਂ ਨਹੀਂ ਇਤਿਹਾਸ ਵਿੱਚ ਇਸ ਬੀਬੀ ਨੂੰ ਪੰਨੇ ਦਿੱਤੇ। ਜਦੋਂ ਆਪਣੇ ਪਤੀ ਨਾਲ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਜਾਣਾ, ਇਹੀ ਕਹਿਣਾ, ਮਹਾਰਾਜ ਜੀ, ਤਿੰਨ ਮਹੀਨੇ ਪਹਿਲਾਂ ਆਈ ਸੀ। ਹੁਣ ਆਈ ਹਾਂ ਤੇ ਕਿਰਪਾ ਕਰ ਦਿਓ, ਸੱਚੇ ਪਾਤਸ਼ਾਹ! ਇੱਕੋ ਦਾਤ ਝੋਲੀ ਵਿੱਚ ਪਾ ਦਿਓ। ਉਹ ਕਿਹੜੀ ਦਾਤ? ਕਿ ਹੁਣ ਤੁਹਾਡੇ ਦਰ ਤੋਂ ਦਰਸ਼ਨ ਕਰਕੇ ਚੱਲੀ ਹਾਂ, ਜਿੰਨਾ ਪ੍ਰੇਮ ਮੇਰਾ ਆਪ ਜੀ ਦੇ ਚਰਨਾਂ ਨਾਲ ਬਣਿਆ ਹੈ, ਇਹ ਝੋਲੀ ਵਿੱਚ ਪਾ ਦਿਓ ਕਿ ਇਸ ਪ੍ਰੇਮ ਵਿੱਚ ਵਾਧਾ ਦੇ ਕੇ ਭੇਜਣਾ। ਪ੍ਰੇਮ ਵਿੱਚ ਵਾਧਾ ਕਰ ਦਿਓ। ਇਹ ਕਿੰਨੀ ਕੁ ਪਿਆਰੀ ਦਾਤ ਹੈ?

ਇੱਕ ਬੰਦਾ ਛੇ ਵਜੇ ਸੁੱਤਾ ਉੱਠਦਾ ਹੈ, ਜੇ ਪ੍ਰੇਮ ਵਿੱਚ ਵਾਧਾ ਹੋ ਗਿਆ, ਫਿਰ ਉੱਠਣ ਦੇ ਨੇਮ ਵਿੱਚ ਵੀ ਵਾਧਾ ਹੋ ਗਿਆ। ਜੇ ਪ੍ਰੇਮ ਵਿੱਚ ਵਾਧਾ ਹੋ ਗਿਆ, ਨਿਤਨੇਮ ਵਿੱਚ ਵੀ ਵਾਧਾ ਹੋ ਗਿਆ। ਜੇ ਗੁਰੂ ਨਾਲ ਪ੍ਰੇਮ ਵਿੱਚ ਵਾਧਾ ਹੋ ਗਿਆ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿੰਦਾ ਹੈ, ਸਾਡੇ ਪਹਿਰਾਵੇ ਵਿੱਚ ਵੀ ਕਿਰਪਾ ਹੋ ਜਾਵੇਗੀ। ਜਿਸ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਿਆਰ ਹੋ ਜਾਵੇਗਾ, ਉਹ ਫਿਰ ਨੰਗੇਂ ਸਿਰ ਨੌਕਰੀ ਤੇ ਨਹੀਂ ਜਾਵੇਗਾ। ਉਹ ਨੰਗੇਂ ਸਿਰ ਬਜ਼ਾਰ ਵਿੱਚ ਨਹੀਂ ਘੁੰਮੇਗਾ। ਉਸਦਾ ਉੱਠਣਾ, ਬੈਠਣਾ, ਤੁਰਨਾ, ਫਿਰਨਾ, ਦੇਖਣਾ, ਸੋਚਣਾ ਸਭ ਗੁਰਮਤਿ ਵਾਲਾ ਹੋਵੇਗਾ। ਉਸ ਦੇ ਦਿਮਾਗ ਵਿੱਚ ਇਫੈਕਟ ਹੋ ਜਾਂਦਾ ਹੈ ਕਿ ਐਕਟਰ ਵੱਡਾ ਨਹੀਂ। ਡਰਾਮੇ ਵਿੱਚ ਕਿਸੇ ਨੂੰ ਵੇਖਿਆ ਹੈ ਤੇ ਉਸ ਨੂੰ ਵੇਖ ਕੇ ਆਪਣਾ ਲਿਬਾਸ ਵਿਗਾੜ ਦਿਆਂ, ਉਹ ਵੱਡਾ ਨਹੀਂ। ਕਲਗੀਧਰ ਪਿਤਾ ਜੀ ਵੱਡੇ ਹਨ ਜਿਨ੍ਹਾਂ ਨੇ ਇਸ ਲੋਕ ਵਿੱਚ ਵੀ ਤੇ ਪਰਲੋਕ ਵਿੱਚ ਵੀ ਮੇਰੀ ਬਾਂਹ ਫੜ੍ਹਨੀ ਹੈ। ਕਿਸੇ ਐਕਟਰ ਨੇ ਬਾਂਹ ਨਹੀਂ ਫੜ੍ਹਨੀ। ਪ੍ਰੇਮ ਐਸੀ ਵੱਡੀ ਦਾਤ ਹੈ। ਜਦੋਂ ਸਾਡੇ ਪ੍ਰੇਮ ਵਿੱਚ ਗੁਰੂ ਸਾਹਿਬ ਵਾਧਾ ਕਰ ਦੇਣ, ਫਿਰ ਅੰਮ੍ਰਿਤ ਵੀ ਪਿਆਰਾ ਲੱਗੇਗਾ, ਫਿਰ ਅੰਮ੍ਰਿਤ ਵੇਲਾ ਵੀ ਪਿਆਰਾ ਲੱਗੇਗਾ, ਉਸ ਦਾ ਲਿਬਾਸ ਵੀ ਪਿਆਰਾ ਲੱਗੇਗਾ, ਉਸ ਦੀ ਹਰ ਚੀਜ਼ ਪਿਆਰੀ ਲੱਗੇਗੀ, ਹਰ ਗੱਲ ਪਿਆਰੀ ਲੱਗੇਗੀ। ਇਹ ਦਾਸ ਨੂੰ ਲਫਜ਼ ਬੜੇ ਚੰਗੇ ਲੱਗੇ ਹਨ। ਗੁਰੂ ਘਰ ਜਾ ਕੇ ਜਿਹੜੇ ਪੁੱਤਰ ਮੰਗਦੇ ਹਨ, ਉਹ ਵੀ ਚੰਗੇ, ਉੱਥੋਂ ਹੀ ਮੰਗਣਾ ਹੈ। ਮਾਇਆ ਮੰਗਦੇ ਹਨ, ਉਹ ਵੀ ਚੰਗੇ ਕਿ ਉੱਥੋਂ ਹੀ ਮੰਗਣੀ ਹੈ ਪਰ ਕਿਤੇ ਨਾਲ-ਨਾਲ ਇਹ ਸੋਚ ਬਣ ਜਾਵੇ, ਸਤਿਗੁਰੂ ਜੀ, ਇਸ ਵੇਲੇ ਜਿੰਨਾ ਪ੍ਰੇਮ ਹੈ, ਕਿਰਪਾ ਕਰ ਦਿਓ। ਹੁਣ ਜਦੋਂ ਦਰਸ਼ਨ ਕਰਨ ਉਪਰੰਤ ਇੱਥੋਂ ਜਾਵਾਂ ਤੇ ਘਰ ਜਾ ਕੇ ਪ੍ਰੇਮ ਵਿੱਚ ਹੋਰ ਵਾਧਾ ਹੋ ਜਾਵੇ। ਇਹ ਮੰਗਣਾ ਹੈ। ਇਹ ਲਿਖਿਆ ਹੈ। ਇਸਦਾ ਪਤੀ ਚੜ੍ਹਾਈ ਕਰ ਗਿਆ ਹੈ। ਇਸ ਦੇ ਦੋਵੇਂ ਜੇਠ ਉਸ ਹਵੇਲੀ ਵਿੱਚ ਰਹਿੰਦੇ ਹਨ। ਅਲੱਗ-ਅਲੱਗ ਪੋਰਸ਼ਨ ਹਨ ਤੇ ਇਸ ਨੂੰ ਅਲੱਗ ਪੋਰਸ਼ਨ ਮਿਲਿਆ ਹੋਇਆ ਹੈ। ਇਤਿਹਾਸਕਾਰਾਂ ਨੇ ਚਾਰ ਚੀਜ਼ਾਂ ਲਿਖੀਆਂ ਹਨ। ਤੁਸੀਂ ਭਾਵੇਂ ਹਿਰਦੇ ਦੀ ਡਾਇਰੀ ਤੇ ਲਿਖ ਲੈਣਾ। ਬਹੁਤ ਪਿਆਰੀਆਂ ਚੀਜ਼ਾਂ ਹਨ। ਉਸ ਦੀ ਅਵਸਥਾ ਲਿਖੀ ਹੈ। ਅੰਦਰ ਦਾ ਪਿਆਰ ਲਿਖਿਆ ਹੈ ਤੇ ਦਾਸ ਸਮਝਦਾ ਹੈ ਕਿ ਸਿੱਧੀ ਸੱਚਖੰਡ ਦੀ ਸੜਕ ਮਿਲਦੀ ਹੈ। ਉਸੇ ਹਵੇਲੀ

ਵਿੱਚ ਦੋ ਭਰਾ ਆਪਣੇ ਪੋਰਸ਼ਨ ਵਿੱਚ ਰਹਿੰਦੇ ਹਨ ਤੇ ਇਸ ਦਾ ਆਪਣਾ ਛੋਟਾ ਜਿਹਾ ਆਪਣਾ ਪੋਰਸ਼ਨ ਹੈ। ਘਰ ਔਲਾਦ ਵੀ ਨਹੀਂ ਹੋਈ, ਪਤੀ ਵੀ ਨਹੀਂ ਤੇ ਇਕੱਲੇ ਹੀ ਰਹਿੰਦੇ ਹਨ ਬੀਬੀ ਦੇਸਾਂ ਜੀ। ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਪਹਿਲੀ ਗੱਲ ਲਿਖੀ ਹੈ, ਵੱਖਰੀ ਕੁੱਲੀ ਵਿੱਚ ਰਹਿੰਦੇ ਹਨ। ਆਪਣੀ ਰੋਟੀ ਪਕਾ ਲੈਣੀ ਤੇ ਨਾਮ ਬਾਣੀ ਵਿੱਚ ਜੁੜ ਜਾਣਾ। ਪਹਿਲੀ ਗੱਲ ਕਿ ਹਰ ਵੇਲੇ ਨਾਮ ਦੇ ਰੰਗ ਵਿੱਚ ਰੰਗੇ ਰਹਿਣਾ। ਧਿਆਨ ਦੇਣਾ। ਦੂਸਰੀ ਗੱਲ ਵੀ ਦਾਸ ਨੂੰ ਬੜੀ ਵਧੀਆ ਲੱਗੀ ਹੈ। ਜਦ ਤੱਕ ਸਿਮਰਨ ਵਿੱਚ ਰਸ ਨਾ ਆਵੇ ਤੇ ਵਾਹਿਗੁਰੂ-ਵਾਹਿਗੁਰੂ ਜਪਣਾ ਵੀ ਕਈ ਵਾਰ ਔਖਾ ਲੱਗਣ ਲੱਗ ਜਾਂਦਾ ਹੈ। ਇਹ ਜਿਹੜੀ ਬੀਬੀ ਦੇਸਾਂ ਹੈ, ਇਸ ਨੇ ਦੂਜਾ ਢੰਗ ਕੀ ਅਪਣਾਇਆ ਹੈ, ਹੱਥਾਂ ਨਾਲ ਕੁਝ ਨਾ ਕੁਝ ਇਹੋ ਜਿਹੀ ਚੀਜ਼ ਬੁਣਦੇ ਰਹਿਣਾ, ਇਹੋ ਜਿਹੀ ਚੀਜ਼ ਤਿਆਰ ਕਰਦੇ ਰਹਿਣਾ, ਜਿਹੜੀ ਦੋ-ਢਾਈ ਮਹੀਨੇ ਵਿੱਚ ਤਿਆਰ ਹੋ ਜਾਵੇ ਤੇ ਉਸ ਨੂੰ ਮੈਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਭੇਟਾ ਕਰਕੇ ਸਤਿਗੁਰਾਂ ਦੀ ਖੁਸ਼ੀਆਂ ਲਵਾਂ। ਬੜੀ ਵੱਡੀ ਪਿਆਰੀ ਦਾਤ ਹੈ। ਆਪਣੇ ਆਪ ਨੂੰ ਆਹਰ ਲਗਾਇਆ ਹੈ। ਇਹੋ ਜਿਹਾ ਆਹਰ ਕਿ ਸਿਮਰਨ ਵੀ ਚੱਲੀ ਜਾਵੇਗਾ, ਸੇਵਾ ਵੀ ਹੋਈ ਜਾਵੇਗੀ। ਹੁਣ ਭਾਵੇਂ ਬੀਬੀ ਰਾਮੋ ਜੀ ਦਾ ਜ਼ਿਕਰ ਤੁਸੀਂ ਸੁਣਿਆ ਸੀ। ਬੜੀਆਂ ਸੁਹਣੀਆਂ ਤੰਦਾਂ ਨਾਲ ਗਲੀਚਾ ਬਣਾਇਆ ਕਿ ਮੇਰੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਿਰਾਜਮਾਨ ਹੋਣਗੇ ਤੇ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗੀ ਕਿ ਇਸ ਨੂੰ ਚਰਨਾਂ ਥੱਲੇ ਰੱਖਿਆ ਕਰੋ। ਚਰਨਾਂ ਥੱਲੇ ਵਿਛਾਇਆ ਕਰੋ। ਲਿਖਿਆ ਹੈ, ਖੱਦਰ ਦਾ ਕੁਝ ਬੁਣਨਾ, ਕਦੇ ਕੁਝ, ਕਦੇ ਕੁਝ। ਇਹ ਬੀਬੀ ਦੇਸਾਂ ਨੇ ਦਿਨੇ ਕੁਝ ਦੋ-ਢਾਈ ਘੰਟੇ ਇਹੋ ਜਿਹੇ ਬਤੀਤ ਕਰਨੇ, ਜਿਸ ਵੇਲੇ ਕੁਝ ਨਾ ਕੁਝ ਚੀਜ਼ ਬੁਣਨੀ। ਪੁਰਾਣਾ ਸਮਾਂ ਸੀ। ਡੇਢ-ਦੋ ਮਹੀਨੇ ਵਿੱਚ ਉਹ ਚੀਜ਼ ਹੱਥੀਂ ਬਣਾਉਣੀ। ਸਿਰਫ ਇਕੋ ਨਿਸ਼ਾਨਾ ਲੈ ਕੇ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਹਾਡੇ ਚਰਨਾਂ ਵਿੱਚ ਇਸ ਚੀਜ਼ ਦੀ ਹਾਜ਼ਰੀ ਲੱਗ ਜਾਵੇ ਤੇ ਤੁਹਾਡੀ ਖੁਸ਼ੀ ਮਿਲ ਜਾਵੇ। ਇਹ ਦੂਜਾ ਨੇਮ ਲਿਖਿਆ ਹੈ। ਤੀਜਾ, ਉਹ ਵੀ ਦਾਸ ਨੂੰ ਬੜਾ ਪਿਆਰਾ ਲੱਗਿਆ ਹੈ। ਇੱਕ ਵਾਰੀ ਨਾਲ-ਨਾਲ ਪੜ੍ਹੋ ਜੀ :

*ਸਾਚ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥*
*(ਤ੍ਵ ਪ੍ਰਸਾਦਿ ਸਵੱਯੇ)*

ਤੀਜੀ ਗੱਲ ਜ਼ਰਾ ਧਿਆਨ ਨਾਲ ਸੁਣਨਾ। ਦਾਸ ਨੂੰ ਬੜੀ ਵਧੀਆ ਲੱਗੀ। ਇਸ ਦੀ ਤੀਜੀ ਅਵਸਥਾ ਸੀ, ਦਿਨੇ ਵੀ ਕੰਮ-ਕਾਜ ਵਿੱਚ ਵਿਚਰਦਿਆਂ ਆਪਣੀ ਸੁਰਤੀ ਨੂੰ ਗੁਰੂ ਸਾਹਿਬਾਂ ਦੇ ਚਰਨਾਂ ਕੰਵਲਾਂ ਤੋਂ ਓਹਲੇ ਨਹੀਂ ਸੀ ਹੋਣ ਦੇਣਾ ਤੇ ਆਪਣੀ ਸੁਰਤੀ ਵਿੱਚ ਹਰ ਵੇਲੇ ਹਜ਼ੂਰੀ ਦਾ ਰਸ ਮਾਣਨਾ। ਬਹੁਤ ਪਿਆਰ ਜੇ। ਹੁਣ ਦਾਸ ਨੂੰ ਨਹੀਂ ਪਤਾ ਕਿ ਤੁਹਾਡਾ ਦਿਨ ਕਿਵੇਂ ਲੰਘਦਾ ਹੈ? ਪਰ ਬੀਬੀਓ, ਕਿਤੇ ਸਬਜ਼ੀ ਵੀ ਕੱਟ ਰਹੀਆਂ ਹੋ, ਉਸ ਵੇਲੇ ਵੀ ਕੋਸ਼ਿਸ਼ ਕਰੋ ਕਿ ਜਿਹੜੀ ਤੁਹਾਡੀ ਸੁਰਤੀ ਹੈ, ਉਹ ਕਲਗੀਧਰ ਪਿਤਾ ਜੀ ਦੇ ਚਰਨਾਂ ਕੰਵਲਾਂ ਤੋਂ ਓਹਲੇ ਨਾ ਹੋਵੇ। ਹਰ ਵੇਲੇ ਸੁਰਤੀ ਜਿਹੜੀ ਹੈ, ਉਸ ਦੀ ਹਜ਼ੂਰੀ ਦਾ ਰਸ ਮਾਣੇ। ਗੱਲ ਨੂੰ ਸਮਝਿਓ। ਚੀਰਦੇ ਸਬਜ਼ੀ ਪਏ ਹੋ ਪਰ ਤੁਹਾਡੀ ਇਹੋ ਜਿਹੀ ਸੁਰਤ ਬਣੀ ਹੋਵੇ ਕਿ ਮੇਰੇ ਸੀਸ ਉੱਤੇ ਕਲਗੀਧਰ ਪਿਤਾ ਜੀ ਦਾ ਪਹਿਰਾ ਨਾਲ ਹੀ ਹੈ। ਚਰਨਾਂ ਕੰਵਲਾਂ ਦੀ ਸੁਰਤੀ, ਉਸ ਦੀ ਹਜ਼ੂਰੀ ਦਾ ਰਸ ਮਾਣਦੀ ਹੈ। ਇਹ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ ਕਿ ਇਹੋ ਜਿਹੀ ਕੱਟੀ ਹੋਈ ਸਬਜ਼ੀ, ਇਹੋ ਜਿਹਾ ਗੁੰਨ੍ਹਿਆ ਹੋਇਆ ਆਟਾ, ਇਹੋ ਜਿਹਾ ਪਕਾਇਆ ਹੋਇਆ ਪਰਸ਼ਾਦਾ ਕਦੀ ਤੁਹਾਡੇ ਪਤੀ ਅਤੇ ਬੱਚਿਆਂ ਦੀ ਬੁੱਧੀ ਵਿਗੜਨ ਨਹੀਂ ਦੇਵੇਗਾ। ਕਿਉਂ? ਕਿਉਂਕਿ

ਇਸ ਨੂੰ ਬਣਾਉਂਦਿਆਂ ਤੁਸੀਂ ਹਜ਼ੂਰੀ ਦਾ ਰਸ ਮਾਣਿਆ ਹੈ ਤੇ ਉਸ ਵਿੱਚ ਵੀ ਨਾਮ ਵੱਸ ਗਿਆ ਹੈ। ਉਸ ਵਿੱਚ ਵੀ ਸਿਮਰਨ ਆ ਗਿਆ ਹੈ। ਇਹ ਪ੍ਰੇਮ ਦੀ ਕੜੀ ਆਪਣੇ ਘਰਾਂ ਵਿੱਚ ਵੀ ਲਿਆਓ। ਹੋਰ ਸਾਡਾ ਇਸ ਪ੍ਰਕਰਨ ਦਾ ਕੀ ਮਕਸਦ ਹੈ? ਇਨ੍ਹਾਂ ਸਤਿਕਾਰਤ ਬੀਬੀਆਂ ਦੇ ਜੀਵਨ ਵਿੱਚੋਂ ਇਹੀ ਅੰਸ਼ ਲੈਣੇ ਹਨ ਕਿ ਉਨ੍ਹਾਂ ਦਾ ਜੀਵਨ ਕਿਸ ਤਰ੍ਹਾਂ ਦਾ ਸੀ। ਸੁਰਤੀ ਚਰਨਾਂ ਕੰਵਲਾਂ ਦਾ ਹਰ ਵੇਲੇ ਰਸ ਮਾਣੇ ਤੇ ਨਾਲ ਹੀ ਸੁਰਤੀ ਹਰ ਵੇਲੇ ਉਸ ਦੀ ਹਜ਼ੂਰੀ ਦਾ ਰਸ ਮਾਣੇ। ਇੰਝ ਹਜ਼ੂਰੀ ਦਾ ਰਸ ਮਾਣੋਗੇ ਤੇ ਗੁਰੂ ਸਾਹਿਬ ਤੁਹਾਡੇ ਕੋਲ ਹੀ ਹੋਣਗੇ। ਕਿਸੇ ਨੂੰ ਸ਼ੱਕ ਨਾ ਰਹਿ ਜਾਵੇ। ਬਾਣੀ ਵਿੱਚ ਵੀ ਇਸ ਅਵਸਥਾ ਪ੍ਰਥਾਏ ਲਿਖਿਆ ਹੈ :

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥੭॥*

*(ਅੰਗ ੨੮੬)*

ਸਾਰੇ ਭਾਈ ਵੀ ਚਰਨਾਂ ਕੰਵਲਾਂ ਤੋਂ ਓਹਲੇ ਨਾ ਹੋਣ। ਤੁਹਾਡੀ ਵੀ ਸੁਰਤ ਹਰ ਵੇਲੇ ਹਜ਼ੂਰੀ ਦਾ ਰਸ ਮਾਣੇ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ ਕਿ ਤੁਹਾਡੇ ਅਕਾਊਂਟ ਬਣਾਉਣ ਵਿੱਚ ਵੀ ਉਹ ਵਸ ਜਾਵੇਗਾ। ਤੁਹਾਡੀਆਂ ਦੁਕਾਨਾਂ ਤੇ ਵੀ ਤੇਰਾਂ-ਤੇਰਾਂ ਵਾਲੀ ਭਗਤੀ ਬਣ ਜਾਵੇਗੀ। ਬੁਰਾ ਕਰਨ ਤੇ ਚਿੱਤ ਹੀ ਨਹੀਂ ਕਰੇਗਾ। ਇਹ ਤੀਜਾ ਗੁਣ ਸੀ, ਬੀਬੀ ਦੇਸਾਂ ਜੀ ਦੇ ਜੀਵਨ ਦਾ। ਚੌਥਾ ਗੁਣ ਲਿਖਿਆ ਹੈ। ਵੇਖੋ, ਹਰ ਕੋਈ ਪੂਰਾ ਨਹੀਂ ਹੁੰਦਾ। ਕਿਧਰੇ-ਕਿਧਰੇ ਬੀਬੀ ਦੇਸਾਂ ਜੀ ਵੀ ਨਾਲ ਵਾਪਰਦਾ ਹੋਵੇਗਾ, ਵਿੱਚੋਂ ਵਿਸਰਦਾ ਵੀ ਹੋਵੇਗਾ, ਭੁੱਲਦਾ ਵੀ ਹੋਵੇਗਾ। ਦਾਸ ਨੂੰ ਗੱਲ ਚੰਗੀ ਲੱਗੀ। ਤੁਸੀਂ ਵੇਖ ਲੈਣਾ। ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਲਿਖਿਆ ਹੈ ਕਿ ਬੀਬੀ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜਦੋਂ ਚੌਕੜਾ ਮਾਰਦੇ ਸਨ, ਦੋ ਢਾਈ ਘੰਟੇ ਪੱਕਾ ਨੇਮ ਬੈਠ ਕੇ ਕਰਦੇ ਸਨ, ਬਾਕੀ ਦਿਨੇ ਵੀ ਹਜ਼ੂਰੀ ਦਾ ਰਸ ਮਾਣਨਾ। ਦਾਸ ਨੂੰ ਬੜੇ ਚੰਗੇ ਲਫਜ਼ ਮਿਲੇ। ਕਹਿੰਦੇ ਸਵੇਰੇ ਅੰਮ੍ਰਿਤ ਵੇਲੇ ਦੋ-ਢਾਈ ਘੰਟੇ ਦਾ ਨੇਮ ਕਰਨ ਤੋਂ ਬਾਅਦ ਇਸ ਬੀਬੀ ਨੇ ਗਲ ਵਿੱਚ ਪੱਲਾ ਪਾ ਕੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕੀ ਕਰਨੀ, ਧੰਨ ਗੁਰੂ ਗੋਬਿੰਦ ਸਿੰਘ ਜੀ, ਦਿਨ ਸ਼ੁਰੂ ਹੋਇਆ ਹੈ। ਦਿਨ ਚੜ੍ਹਿਆ ਹੈ। ਦਿਨ ਦੀ ਸ਼ੁਰੂਆਤ ਹੋਈ ਹੈ। ਰਾਤੀ ਸੌਣ ਤੱਕ ਇੱਕ ਕਿਰਪਾ ਕਰਨੀ। ਕਿਤੇ ਨਾਮ ਦੀ ਵਿੱਥ ਨਾ ਪੈ ਜਾਵੇ। ਦਿਨੇ ਵੀ ਇਹ ਕਿਧਰੇ ਵਿਸਰੇ ਨਾ ਨਾਮ। ਸਮਝਿਓ। ਇਹ ਤੁਹਾਡੇ ਨਾਲ ਵੀ ਬੀਤਦਾ ਹੋਵੇਗਾ। ਦਾਸ ਨਾਲ ਵੀ ਬੀਤਦਾ ਹੈ। ਅਸੀਂ ਕਿਹੜਾ ਪੂਰੇ ਹਾਂ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਦੁਪਹਿਰ ਦੇ ਤਿੰਨ ਵਜੇ ਹਨ। ਇਸ ਤਰ੍ਹਾਂ ਦਾ ਦਿਮਾਗ ਬਿਜ਼ੀ ਹੋਇਆ ਹੁੰਦਾ ਹੈ। ਇਸ ਤਰ੍ਹਾਂ ਦਾ ਰੁਝੇਵਾਂ ਚੱਲ ਪਿਆ ਹੈ, ਇੱਕ ਮੋਬਾਇਲ ਸੁਣਿਆ, ਫਿਰ ਦੂਜਾ ਆ ਗਿਆ। ਦੂਜਾ ਸੁਣਿਆ, ਤੀਜਾ ਆ ਗਿਆ। ਕੋਈ ਮਿਲਣ ਆ ਗਿਆ। ਭੱਜ-ਦੌੜ ਪੈ ਗਈ। ਕਈ ਵਾਰ ਨੋਟ ਕਰਨਾ। ਸ਼ਾਮ ਦੇ ਸਾਢੇ ਛੇ ਵੱਜ ਜਾਂਦੇ ਹਨ ਤੇ ਸਾਰਾ ਦਿਨ ਇੱਕ ਵਾਰੀ ਵਾਹਿਗੁਰੂ ਯਾਦ ਨਹੀਂ ਆਉਂਦਾ। ਤਿੰਨ ਵਜੇ ਥੋੜ੍ਹਾ ਜਿਹਾ ਹਜ਼ੂਰੀ ਦਾ ਰਸ ਹੈ ਸੀ, ਉਸ ਤੋਂ ਬਾਅਦ ਇਹੋ ਜਿਹਾ ਰੁਝੇਵਾਂ ਹੋ ਗਿਆ ਕਿ ਸਾਢੇ ਛੇ ਵੱਜ ਗਏ ਹਨ, ਇੱਕ ਵਾਰੀ ਵੀ ਹਜ਼ੂਰੀ ਦਾ ਰਸ ਨਹੀਂ ਆਇਆ ਤੇ ਸਮਝ ਲੈਣਾ, ਸਾਢੇ ਤਿੰਨ ਘੰਟੇ ਤੁਹਾਡੀ ਤੇ ਕਲਗੀਧਰ ਪਿਤਾ ਜੀ ਦੀ ਵਿੱਥ ਪੈ ਗਈ। ਬੀਬੀ ਦੇਸਾਂ ਜੀ ਨੇ ਅੰਮ੍ਰਿਤ ਵੇਲੇ ਰੋਜ਼ ਨਿਤਨੇਮ ਤੋਂ ਬਾਅਦ ਅਰਦਾਸ ਕੀ ਕਰਨੀ, ਮਹਾਰਾਜ ਜੀ, ਦਿਨ ਚੜ੍ਹਿਆ ਹੈ, ਇੱਕ ਕਿਰਪਾ ਕਰ ਦੇਣੀ, ਸਾਰਾ ਦਿਨ ਕਿਤੇ ਨਾਮ ਦੀ ਵਿੱਥ ਨਾ ਪੈ ਜਾਵੇ। ਚਾਰ ਗੱਲਾਂ ਹੋ ਗਈਆਂ। ਪੰਜਵਾਂ ਬਚਨ ਲਿਖਿਆ ਹੈ, ਇਸ ਬੀਬੀ ਦੇਸਾਂ ਜੀ ਦੇ ਹਿਰਦੇ ਵਿੱਚ ਇੱਕ ਵਾਰੀ ਤ੍ਰੇੜ ਆ ਗਈ। ਇਹ ਵੀ ਕਿਧਰੇ ਆ ਜਾਂਦੀ ਹੈ। ਬੰਦਾ ਭੁੱਲਣਹਾਰ ਹੈ। ਆਈ ਹੋਈ ਤ੍ਰੇੜ ਨੂੰ ਮਾਰਿਆ ਕਿਵੇਂ? ਤੁਹਾਨੂੰ ਵੀ ਕਦੀ ਤ੍ਰੇੜ ਆ ਜਾਵੇ ਤੇ

ਉਸ ਨੂੰ ਗਿਆਨ ਨਾਲ ਮਾਰਿਆ ਕਰੋ। ਇੱਕ ਵੀਰ ਦਾਸ ਨੂੰ ਮਿਲਿਆ ਸੀ ਤੇ ਉਹ ਕਹਿਣ ਲੱਗਾ ਕਿ ਕੀ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਵਿੱਚ ਤਾਕਤ ਨਹੀਂ ਸੀ, ਆਪਣੇ ਬੱਚੇ ਪ੍ਰਿਥੀ ਚੰਦ ਦੀ ਬੁੱਧੀ ਬਦਲਾ ਦਿੰਦੇ। ਇਹ ਕੀ ਹੈ? ਤ੍ਰੇੜ ਹੈ। ਜਿਹੜੇ ਤੁਹਾਡੇ ਵਿੱਚੋਂ ਇਸ ਨੂੰ ਗਿਆਨ ਨਾਲ ਮਾਰਦੇ ਹਨ, ਉਹ ਫਿਰ ਕਹਿੰਦੇ ਹਨ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਚੱਲ ਕੇ ਵਿਖਾਇਆ ਹੈ, ਉਹ ਕੀ? ਕਲਯੁੱਗ ਹੈ, ਕਲਯੁੱਗ। ਕਿਸੇ ਵੇਲੇ ਤੇਰਾ ਪੁੱਤਰ ਵੀ ਅੱਗੋਂ ਬੋਲ ਦੇਵੇ ਤੇ ਕਿਤੇ ਬੇਚੈਨ ਨਾ ਹੋ ਜਾਈਂ, ਮੇਰੇ ਨਾਲ ਵੀ ਬੀਤੀ ਹੈ। ਸ਼ਬਦ ਹੈ:

*ਸਾਰਗ ਮਹਲਾ ੪ ਘਰੁ ੩ ਦੁਪਦਾ*
*ੴ ਸਤਿਗੁਰ ਪ੍ਰਸਾਦਿ ॥*
*ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥*
*ਜਿਨ ਕੇ ਜਣੇ ਬਡੀਰੇ ਤੁਮ ਹਉ*
*ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥*
*(ਅੰਗ ੧੨੦੦)*

ਗੁਰੂ ਸਾਹਿਬ ਨੇ ਆਪਣੇ ਸਰੀਰ ਤੇ ਹੰਢਾ ਕੇ ਦਿਖਾਇਆ ਹੈ। ਅਸੀਂ ਉਸ ਵੇਲੇ ਅੰਦਰ ਇਹ ਤ੍ਰੇੜ ਨਾ ਲਿਆਈਏ ਕਿ ਕੀ ਗੁਰੂ ਸਾਹਿਬ ਸਮਰੱਥ ਨਹੀਂ। ਆਪਣੇ ਆਪ ਨੂੰ ਇਸ ਤਰ੍ਹਾਂ ਗਿਆਨ ਦੇਣਾ ਹੈ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਇਹੋ ਜਿਹੇ ਸਮਰੱਥ ਹਨ, ਭਾਈ ਵੀਰ ਸਿੰਘ ਜੀ ਲਿਖਦੇ ਹਨ, ਇੱਕ ਨਹੀਂ, ਦੋ ਨਹੀਂ, ਹਜ਼ਾਰਾਂ ਕਰੋੜਾਂ ਅਸੰਖਾਂ ਲੋਕ ਰਹਿੰਦੀ ਦੁਨੀਆਂ ਤੱਕ ਜਿਨ੍ਹਾਂ ਦੀ ਬੁੱਧੀ ਵਿਗੜ ਜਾਵੇਗੀ, ਉਨ੍ਹਾਂ ਦੇ ਦਰ ਤੇ ਜਾ ਕੇ ਨਿਮਰਤਾ ਨਾਲ ਢਹਿ ਪੈਣਗੇ, ਉਨ੍ਹਾਂ ਦੀ ਬੁੱਧੀ ਵੀ ਸਿੱਧੀ ਹੋ ਜਾਵੇਗੀ। ਗੁਰੂ ਸਾਹਿਬ ਅੱਜ ਵੀ ਲੱਖਾਂ-ਕਰੋੜਾਂ ਦੀਆਂ ਬੁੱਧੀਆਂ ਸਿੱਧੀਆਂ ਕਰ ਰਹੇ ਹਨ। ਇਸ ਤੋਂ ਵੱਡਾ ਅਸਥਾਨ ਹੈ ਹੀ ਕੋਈ ਨਹੀਂ। ਇਸ਼ਾਰਾ ਲੈਣਾ। ਇਹ ਲਿਖਿਆ ਹੈ ਕਿ ਇਸ ਬੀਬੀ ਦੇ ਅੰਦਰ ਇੱਕ ਵਾਰੀ ਨਿੱਕੀ ਜਿਹੀ ਤ੍ਰੇੜ ਆਈ, ਉਹ ਕੀ? ਚਮਕੌਰ ਸਾਹਿਬ ਦੀ ਜੰਗ ਨੂੰ ਲੈ ਕੇ। ਜੰਗਾਂ ਦੀਆਂ ਗੱਲਾਂ ਸੁਣ ਕੇ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ। ਤ੍ਰੇੜ ਮਾੜੀ ਨਹੀਂ ਆਈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਵੈਰਾਗ ਵਿੱਚ ਤ੍ਰੇੜ ਆਈ ਕਿ ਗੁਰੂ ਤੇ ਦੁੱਖ ਕਿਉਂ? ਨੋਟ ਕਰਨਾ ਜੀ। ਇਹ ਵੀ ਇੱਕ ਤ੍ਰੇੜ ਹੈ। ਸਾਹਿਬਜ਼ਾਦੇ ਸ਼ਹੀਦ ਹੋ ਗਏ, ਜੰਗਾਂ ਹੋਈਆਂ, ਸਿੱਖ ਸ਼ਹੀਦ ਹੋ ਗਏ। ਏਸ ਬ੍ਰਿਤਾਂਤ ਦਾ ਸੋਚ ਕੇ ਥੋੜ੍ਹਾ ਵੈਰਾਗ ਵਿੱਚ ਤ੍ਰੇੜ ਨੇ ਜਨਮ ਲਿਆ, ਗੁਰੂ ਤੇ ਦੁੱਖ ਕਿਉਂ? ਲਿਖਿਆ ਹੈ, ਇਹ ਬੀਬੀ ਦੇਸਾਂ ਨੇ ਉਸ ਤ੍ਰੇੜ ਨੂੰ ਕਿਵੇਂ ਮਾਰਿਆ? ਇੰਞ ਮਾਰਿਆ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਦੁੱਖ ਕੌਣ ਦੇ ਸਕਦਾ ਹੈ। ਕੋਈ ਧਰਤੀ ਤੇ ਨਹੀਂ ਜੰਮਿਆ। ਜਿਹੜਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਦੁੱਖ ਦੇਵੇ, ਜੇਕਰ ਉਨ੍ਹਾਂ ਨੂੰ ਕੋਈ ਦੁੱਖ ਆਇਆ ਹੈ ਤੇ ਉਨ੍ਹਾਂ ਸਾਡੇ ਦੁੱਖਾਂ ਨੂੰ ਕੱਟਿਆ ਹੈ। ਮਨ ਨੂੰ ਸਮਝਾਉਣਾ ਹੈ। ਇਹ ਸੱਚਾਈ ਹੈ। ਉਸ ਨੂੰ ਕਿਵੇਂ ਮਿਟਾਇਆ? ਉਹ ਸਾਡੇ ਦੁੱਖ ਕੱਟ ਰਹੇ ਹਨ। ਧਿਆਨ ਦੇਣਾ। ਮਨ ਦੀਆ ਰੀਝਾਂ ਹਨ, ਉਸ ਬੀਬੀ ਦੇ ਜੀਵਨ ਦੀਆਂ ਇਹੋ ਜਿਹੀਆਂ ਛਾਪਾਂ ਸਾਡੇ ਤੇ ਪੈਣ, ਸਾਡੇ ਘਰਾਂ ਦੀਆਂ ਕੰਧਾਂ ਵਿੱਚ ਵੀ ਨਾਮ ਹੀ ਨਾਮ ਵੱਸ ਜਾਵੇ।

ਤੇਰੇ ਜੀਵਨ ਵਿੱਚ ਵੀ ਨਿਤਨੇਮ ਚੱਲੇ ਤੇ ਬੇਬੇ ਨਾਨਕੀ ਜੀ ਵਾਂਗੂੰ ਤੇਰਾ ਅੰਦਰ ਵੀ, ਤੇਰਾ ਘਰ ਵੀ, ਤੇਰਾ ਕਮਰਾ ਵੀ ਰੰਗਿਆ ਜਾਵੇ। ਐਵੇਂ ਤਾਂ ਨਹੀਂ ਕਹਿੰਦੇ। ਹੁਣ ਲੁਧਿਆਣੇ ਕਿਸੇ ਪਰਿਵਾਰ ਦੇ ਘਰ ਮਹਾਂ ਸ਼੍ਰੋਮਣੀ ਸੰਪਟ ਪਾਠ ਹੋਏ ਹਨ। ਹਰ ਪੰਕਤੀ ਤੇ ਸੰਪਟ। ਪੰਜ ਸੰਪਟ ਪਾਠ ਇੱਕ ਸਾਈਡ ਤੇ, ਪੰਜ ਸੰਪਟ ਪਾਠ ਇੱਕ ਸਾਈਡ ਤੇ। ਚਾਲੀ ਦਿਨ। ਜਿਹੜੇ ਪਾਠੀ ਅੰਦਰ ਰਹੇ, ਚਾਲੀ ਦਿਨ ਅੰਦਰ ਹੀ ਰਹੇ। ਤੁਸੀਂ ਵੇਖਿਆ ਹੀ ਹੈ, ਚਾਲੀ ਪਾਠੀ ਬਾਹਰ ਆਏ ਹਨ। ਹੁਣ ਜਿਹੜਾ ਉੱਥੇ ਜਾਂਦਾ ਸੀ। ਅੰਦਰ ਤਾਂ ਐਂਟਰੀ ਨਹੀਂ ਸੀ ਤੇ ਬਾਹਰ ਦੀਵਾਨ ਲੱਗਦੇ ਸੀ। ਜਿਹੜੇ ਅੰਦਰ ਸਨ, ਉਹ

ਅੰਦਰ ਹੀ। ਮਾਈਵਾੜਾ ਵੱਖਰਾ ਸੀ। ਭਾਈਵਾੜਾ ਵੱਖਰਾ ਸੀ। ਜਿਹੜੀਆਂ ਬੀਬੀਆਂ ਨੇ ਉਨ੍ਹਾਂ ਚਾਲੀ ਦਿਨ ਦੀ ਹਾਜ਼ਰੀ ਭਰੀ ਉਹ ਵੀ ਸਿਰਫ ਬੰਦਗੀ। ਇਧਰ ਭਾਈਆਂ ਦੀ ਚਾਲੀ ਦਿਨ ਹਾਜ਼ਰੀ ਤੇ ਸਿਰਫ ਬੰਦਗੀ। ਇੰਨਾ ਸਖ਼ਤ ਪਹਿਰਾ ਹੈ। ਮਹਾਂ ਸ਼੍ਰੋਮਣੀ ਸੰਪਟ ਪਾਠ ਹੈ। ਦੋ ਘੰਟੇ ਰੋਲ ਹੈ। ਦੋ ਘੰਟੇ ਤੋਂ ਬਾਅਦ ਜਿਹੜੇ ਪਾਠੀ ਨੇ ਉੱਠਣਾ ਹੈ, ਇੱਕ ਘੰਟਾ ਸਤਿਗੁਰੂ ਜੀ ਨੂੰ ਚਵਰ ਸਾਹਿਬ ਕਰਕੇ ਜਾਣੀ ਹੈ ਤੇ ਸਿਰਫ ਛੇ ਘੰਟੇ ਹੀ ਅਰਾਮ ਕਰਨਾ ਹੈ। ਸਾਦੀ ਦਾਲ ਮਿਲਣੀ ਹੈ ਤੇ ਸਾਦਾ ਪਰਸ਼ਾਦਾ। ਬਾਕੀ ਸਮਾਂ ਵੀ ਸਫਲਾ ਵਾਹਿਗੁਰੂ ਸਿਮਰਨ ਹੀ ਸਿਮਰਨ।

ਬਾਬਾ ਹਰਭਜਨ ਸਿੰਘ ਜੀ ਨਾਨਕਸਰ ਤੋਂ ਚੱਲਦੇ ਪ੍ਰੋਗਰਾਮਾਂ ਵਿੱਚ ਸੱਤ-ਅੱਠ ਵਾਰੀ ਆਏ ਹਨ। ਜਿੰਨੀ ਵਾਰੀ ਆਏ ਹਨ ਤੇ ਕਹਿੰਦੇ ਸੀ, ਉੱਠਣ ਤੇ ਦਿਲ ਹੀ ਨਹੀਂ ਕਰਦਾ। ਵਾਤਾਵਰਨ ਵਿੱਚ ਵੀ ਨਾਮ ਹੀ ਨਾਮ ਹੈ। ਬੰਦਗੀ ਹੀ ਬੰਦਗੀ ਹੈ। ਜਪ-ਤਪ ਹੀ ਜਪ-ਤਪ ਹੈ। ਇਨ੍ਹਾਂ ਚੀਜ਼ਾਂ ਦਾ ਅਸਰ ਹੁੰਦਾ ਹੈ। ਇਹ ਪੰਜਵਾਂ ਗੁਣ, ਉਸ ਬੀਬੀ ਦੇ ਅੰਦਰ ਕਿ ਕੋਈ ਤ੍ਰੇੜ ਆਵੇ ਤੇ ਉਸ ਨੂੰ ਗਿਆਨ ਦੇ ਨਾਲ ਉਸੇ ਵੇਲੇ ਮਾਰ ਦੇਣਾ ਕਿ ਕਿਤੇ ਮੇਰੇ ਪੁੰਨ ਨਾ ਸੜ ਜਾਣ। ਚਮਕੌਰ ਦੀ ਜੰਗ ਤੇ ਹੋਰ ਜੰਗਾਂ ਵੇਖ ਕੇ ਮਨ ਵਿੱਚ ਆ ਗਿਆ ਕਿ ਗੁਰੂ ਸਾਹਿਬ ਤੇ ਦੁੱਖ ਕਿਉਂ? ਉਸ ਤ੍ਰੇੜ ਨੂੰ ਮਾਰਿਆ ਕਿਵੇਂ? ਗੁਰੂ ਸਾਹਿਬ ਤੇ ਦੁੱਖ ਨਹੀਂ ਆ ਸਕਦਾ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਦੇ ਦੁੱਖ ਆਪਣੇ ਤੇ ਲਏ ਹਨ, ਉਹ ਕੱਟੇ ਹਨ।

*ਸਾਚ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥*
*(ਤ੍ਵ ਪ੍ਰਸਾਦਿ ਸਵੱਯੇ)*

ਛੇਵੀਂ ਗੱਲ ਦਾਸ ਨੂੰ ਬੜੀ ਪਿਆਰੀ ਲੱਗੀ। ਇੱਕ ਵਾਰੀ ਬੀਬੀ ਦੇਸਾਂ ਜੀ ਦਾ ਅੰਮ੍ਰਿਤ ਵੇਲਾ ਟੁੱਟ ਗਿਆ। ਸਾਡੇ ਨਾਲ ਵੀ ਬੀਤਦੀ ਹੈ। ਕਹਿੰਦੇ, ਕੁੱਕੜ ਨੇ ਬਾਂਗ ਦਿੱਤੀ ਤੇ ਉਦੋਂ ਅੱਖ ਖੁੱਲ੍ਹੀ। ਕਹਿੰਦੇ, ਜਦੋਂ ਬੀਬੀ ਦੇ ਨੇਤਰ ਖੁੱਲ੍ਹੇ, ਸਭ ਤੋਂ ਪਹਿਲੇ ਕੀ ਲਫਜ਼ ਮੂੰਹ ਵਿੱਚੋਂ ਨਿਕਲੇ, ਭਾਈ ਵੀਰ ਸਿੰਘ ਜੀ ਨੇ ਲਿਖੇ ਹਨ। ਅੱਜ ਦਾ ਮੇਰਾ ਰਸ ਲੈਣ ਦਾ ਸਮਾਂ ਨਿਕਲ ਗਿਆ, ਅੱਜ ਦਾ ਮੇਰਾ ਅੰਮ੍ਰਿਤ ਵੇਲੇ ਦਾ ਸੁਆਦ, ਇਹ ਵੈਰਨ ਨੀਂਦ ਖਾ ਗਈ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਚਲੋ ਹਿੰਮਤ ਮਾਰੀ। ਲੇਟ ਹੀ ਸਹੀ। ਇਸ਼ਨਾਨ ਕੀਤਾ। ਦਾਸ ਹੈਰਾਨ ਹੋ ਗਿਆ। ਇਹ ਤੁਹਾਡੇ ਨਾਲ ਵੀ ਬੀਤਦੀ ਹੈ। ਇਸ਼ਨਾਨ ਕਰਨ ਤੋਂ ਬਾਅਦ ਬੈਠੇ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਫਿਰ ਝੋਕਾਂ ਸ਼ੁਰੂ ਹੋ ਗਈਆਂ। ਇਸ਼ਨਾਨ ਤੋਂ ਬਾਅਦ ਫਿਰ ਨੀਂਦ ਦਾ ਜ਼ੋਰ ਸ਼ੁਰੂ ਹੋ ਗਿਆ। ਬੀਬੀ ਜੀ ਕਹਿੰਦੇ ਹਨ ਇਹ ਕਿਹੜਾ ਕਲਯੁੱਗ ਆ ਗਿਆ ਹੈ। ਇੱਕ ਤਾਂ ਵੈਰਨ ਨੀਂਦ ਨੇ ਰਸ ਖੋਹ ਲਿਆ। ਹੁਣ ਉੱਠ ਕੇ ਇਸ਼ਨਾਨ ਉਪਰੰਤ ਤਾਂ ਵੀ ਝੋਕਾਂ ਆ ਰਹੀਆਂ ਹਨ। ਕਈ ਵਾਰ ਇਸ਼ਨਾਨ ਤੋਂ ਬਾਅਦ ਵੀ ਨੀਂਦ ਜ਼ੋਰ ਪਾ ਦਿੰਦੀ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਬੀਬੀ ਦੇਸਾਂ ਜੀ ਨੇ ਕੀ ਕੀਤਾ? ਆਪਣੇ ਮਨ ਨੂੰ ਕਿਹਾ, ਮਨਾ, ਹੰਭਲਾ ਮਾਰ। ਜੇ ਇਸ਼ਨਾਨ ਤੋਂ ਬਾਅਦ ਸੁਸਤੀ ਨਹੀਂ ਛੱਡ ਰਹੀ ਤੇ ਕੀ ਕੀਤਾ? ਹੰਭਲਾ ਮਾਰ, ਮਨਾ। ਜੇ ਬੈਠ ਕੇ ਨਿਤਨੇਮ ਨਹੀਂ ਹੁੰਦਾ ਤੇ ਭਾਈ ਵੀਰ ਸਿੰਘ ਜੀ ਲਿਖਦੇ ਹਨ, ਤੁਰ ਫਿਰ ਕੇ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਇਹ ਗੱਲਾਂ ਕੰਮ ਆਉਣ ਵਾਲੀਆਂ ਹਨ। ਇਹ ਚੀਜ਼ਾਂ ਭਗਤਾਂ ਤੇ ਵੀ ਜ਼ੋਰ ਪਾ ਦਿੰਦੀਆਂ ਹਨ। ਪੂਰੀ ਨੀਂਦ ਨੂੰ ਤਾਂ ਬਾਬਾ ਨੰਦ ਸਿੰਘ ਜੀ ਵਰਗੇ ਮਹਾਂਪੁਰਸ਼ ਹੀ ਮਾਰ ਸਕਦੇ ਹਨ। ਅਸੀਂ ਆਮ ਜੀਵ ਹਾਂ। ਛਿੱਟੇ ਮਾਰ ਲੈਣੇ, ਤੁਰ ਫਿਰ ਕੇ ਨੇਮ ਕਰਨਾ, ਇਹ ਹੱਲ ਹਨ। ਬੀਬੀ ਦੇਸਾਂ ਜੀ ਨੇ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕੀਤਾ ਤੇ ਤੁਰ ਫਿਰ ਕੇ ਪਾਠ ਪੜ੍ਹਨ ਲੱਗ ਪਏ। ਜਦੋਂ ਤੁਰ ਫਿਰ ਕੇ ਜਪੁ ਜੀ ਸਾਹਿਬ ਪੜ੍ਹਨ ਲੱਗ ਪਏ ਤੇ ਇੱਕ ਪੰਕਤੀ ਸਾਹਮਣੇ ਆ ਗਈ। ਜਿਹੜਾ ਸੁਆਦ ਟੁੱਟਾ ਪਿਆ ਸੀ।

ਹੁਣ ਦਾਸ ਨੂੰ ਨਹੀਂ ਪਤਾ, ਜਿਸ ਦਿਨ ਇਸ ਰਸ ਤੇ ਪਹੁੰਚ ਜਾਓਗੇ, ਤੁਹਾਡੇ ਨਾਲ ਵੀ ਬੀਤੇਗੀ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ। ਇੱਕ ਅਵਸਥਾ ਦਾਸ ਨੇ ਚੈੱਕ ਕੀਤੀ ਹੈ। ਸੁਖਮਨੀ ਸਾਹਿਬ ਵੀ ਪੜ੍ਹੀ ਜਾਓਗੇ ਤੇ ਵਾਹਿਗੁਰੂ-ਵਾਹਿਗੁਰੂ ਵੀ ਚਲੀ ਜਾਵੇਗਾ। ਜਪੁ ਜੀ ਸਾਹਿਬ ਵੀ ਚਲੀ ਜਾਵੇਗਾ ਤੇ ਵਾਹਿਗੁਰੂ-ਵਾਹਿਗੁਰੂ ਵੀ ਚਲੀ ਜਾਵੇਗਾ। ਹਰ ਰੋਮ ਆਪਣੀ ਕਾਰਵਾਈ ਵੀ ਕਰੀ ਜਾਂਦਾ ਹੈ। ਉਸ ਦਾ ਉਹ ਸੁਆਦ ਟੁੱਟ ਗਿਆ ਸੀ। ਉਹ ਰਸ ਗੁਆਚ ਗਿਆ ਸੀ। ਵੈਰਨ ਨੀਂਦ ਖਾ ਗਈ। ਕਹਿੰਦੇ, ਜਦੋਂ ਤੁਰ ਫਿਰ ਕੇ ਜਪੁ ਜੀ ਸਾਹਿਬ ਦੀ ਬਾਨੀ ਪੜ੍ਹਨੀ ਸ਼ੁਰੂ ਕਰ ਦਿੱਤੀ ਤੇ ਭਾਈ ਵੀਰ ਸਿੰਘ ਜੀ ਲਿਖਦੇ ਹਨ, ਜਦੋਂ ਇਹ ਪੰਕਤੀ ਆਈ :

*ਆਦੇਸੁ ਤਿਸੈ ਆਦੇਸੁ ॥*
*ਆਦਿ ਅਨੀਲੁ ਅਨਾਦਿ ਅਨਾਹਤਿ*
*ਜੁਗੁ ਜੁਗੁ ਏਕੋ ਵੇਸੁ ॥੨੮॥*

*(ਅੰਗ ੬)*

ਇਹ ਪੰਕਤੀ ਆਈ ਤੇ ਰਸ ਫਿਰ ਚੱਲ ਪਿਆ। ਕਹਿੰਦੇ, ਪਾਠ, ਪੂਰਾ ਕੀਤਾ। ਇੱਕ ਪਾਠ ਜਪੁ ਜੀ ਸਾਹਿਬ ਹੋਰ ਕੀਤਾ। ਹੁਣ ਉਹ ਰਸ ਚੱਲ ਪਿਆ। ਉਹ ਸੁਆਦ ਚੱਲ ਪਿਆ। ਧਿਆਨ ਦੇਣਾ। ਭਾਈ ਭਗਤੂ ਜੀ ਦਾ ਪੋਤਰਾ, ਭਾਈ ਦਿਆਲਾ ਜੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਮਿਲਣ ਗਏ। ਹੁਣ ਤੁਹਾਡੇ ਕੰਮ ਆਉਣ ਵਾਲਾ ਬਚਨ ਹੈ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ, ਤੁਸੀਂ ਭਾਈ ਭਗਤੂ ਜੀ ਦੀ ਕੁੱਲ ਵਿੱਚੋਂ ਹੋ, ਭਾਈ ਦਿਆਲਾ ਜੀ। ਵੇਖੋ, ਕਲਗੀਧਰ ਪਿਤਾ ਜੀ ਕਹਿੰਦੇ, ਧੰਨ ਹੋ। ਤੁਹਾਡੀ ਕੁੱਲ ਧੰਨ ਹੈ ਤੇ ਹੁਣ ਤੁਸੀਂ ਵੀ ਨਿਆਰੇ ਹੋ ਜਾਓ। ਅੰਮ੍ਰਿਤ ਛੱਕ ਲਓ। ਇਹ ਭਾਈ ਦਿਆਲਾ ਜੀ ਕਹਿੰਦੇ ਹਨ, ਮਹਾਰਾਜ ਜੀ, ਜਿਵੇਂ ਚੱਲ ਰਿਹਾ ਹੈ, ਇੰਝ ਹੀ ਠੀਕ ਹੈ। ਨਹੀਂ ਮੰਨੇ। ਇਹ ਲਿਖਿਆ ਹੈ ਕਿ ਜਦੋਂ ਸਾਰਿਆਂ ਨੂੰ ਪਤਾ ਲੱਗਾ ਤੇ ਇਸ ਬੀਬੀ ਨੂੰ ਵੀ ਕਿ ਮੇਰੇ ਜੇਠ ਦਾ ਬੇਟਾ ਇੰਝ ਨਾਂਹ ਕਰ ਆਇਆ ਹੈ, ਜਦੋਂ ਹੋਰਨਾਂ ਨੂੰ ਵੀ ਪਤਾ ਲੱਗਾ, ਉਨ੍ਹਾਂ ਦਾ ਮਨ ਦੁੱਖਿਆ ਕਿ ਸਾਡੀ ਕੁੱਲ ਕਿਤੇ ਕਲਗੀਧਰ ਪਿਤਾ ਜੀ ਨਾਲੋਂ ਟੁੱਟ ਨਾ ਜਾਵੇ।

*ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।*

*(ਵਾਰ: ੪੧, ਪਉੜੀ ੧)*

ਭਾਈ ਜੀਵਨ ਦੇ ਅੱਗੋਂ ਚਾਰ ਪੁੱਤਰ : ਰਾਮਾ, ਸੱਤੂ, ਤਖਤਾ ਤੇ ਬਖਤਾ। ਸੁਣਿਓ ਜੀ, ਇਹ ਚਾਰੇ ਗਏ ਸਾਬੋ ਕੀ ਤਲਵੰਡੀ ਤੇ ਜਾ ਕੇ ਬੇਨਤੀ ਕੀਤੀ, ਹੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਅੰਮ੍ਰਿਤ ਦੀ ਦਾਤ ਲੈਣ ਆਏ ਹਾਂ। ਕਿਰਪਾ ਕਰੋ। ਦਿਆਲਾ ਜੀ ਨੇ ਨਾਂਹ ਕੀਤੀ ਹੈ ਪਰ ਅਸੀਂ ਅੰਮ੍ਰਿਤ ਦੀ ਦਾਤ ਲੈਣ ਆਏ ਹਾਂ, ਆਪ ਜੀ ਦਾ ਹੁਕਮ ਹੈ। ਕਲਗੀਧਰ ਪਿਤਾ ਜੀ ਨੇ ਇਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਭਾਈ ਜੀਵਨ ਦੇ ਚਾਰੇ ਪੁੱਤਰਾਂ ਨੂੰ ਤੇ ਇੱਕ ਗੱਲ ਕਹੀ। ਦਾਸ ਨੂੰ ਗੱਲ ਬੜੀ ਪਿਆਰੀ ਲੱਗੀ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਹਾ, ਤੁਸੀਂ ਚਾਰਾਂ ਨੇ ਅੰਮ੍ਰਿਤ ਛੱਕ ਕੇ ਭਾਈ ਭਗਤੂ ਜੀ ਦੀ ਰੱਖ ਲਈ ਹੈ। ਭਾਈ ਆਦਮ ਦੀ ਕੁੱਲ ਭਾਈ ਭਗਤੂ ਜੀ ਦੀ ਰੱਖ ਲਈ ਹੈ। ਇਨ੍ਹਾਂ ਨੇ ਮਹੀਨੇ-ਦੋ ਮਹੀਨੇ ਬਾਅਦ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦੇ ਰਹਿਣਾ, ਚਾਰੇ ਭਰਾਵਾਂ ਨੇ। ਭਾਈ ਰਾਮਾ, ਰਾਮ ਸਿੰਘ ਸੱਜ ਗਏ। ਸਾਰੇ ਸਿੰਘ ਸਜ ਗਏ। ਜਦੋਂ ਜਾਂਦੇ ਰਹਿਣਾ ਤੇ ਪਤਾ ਕੀ ਕਹਿਣਾ, ਕਲਗੀਧਰ ਪਿਤਾ ਜੀ ਨੇ ਕਹਿਣਾ ਕਿ ਤੁਹਾਡੇ ਪਿੰਡ ਸਾਨੂੰ ਕੋਈ ਉਡੀਕਦਾ ਹੈ। ਕੌਣ ਉਡੀਕ ਰਿਹਾ ਸੀ? ਬੀਬੀ ਦੇਸਾਂ ਜੀ। ਤੁਹਾਡੇ ਪਿੰਡ ਸਾਨੂੰ ਕੋਈ ਉਡੀਕਦਾ ਹੈ। ਸਾਡਾ ਦਿਲ ਕਰਦਾ ਹੈ, ਤੁਹਾਡੇ ਪਿੰਡ ਜਾਈਏ। ਕਹਿਣ ਲੱਗੇ, ਮਹਾਰਾਜ ਜੀ ਕਿਰਪਾ ਕਰੋ ਪਰ ਉੱਥੇ ਰੇਤਾ ਹੀ ਰੇਤਾ ਹੈ, ਗਰਮੀ ਬੜੀ ਹੈ। ਰੇਤਲਾ ਇਲਾਕਾ ਹੈ। ਮਹਾਰਾਜ ਜੀ ਕਹਿੰਦੇ, ਤੁਸੀਂ ਪ੍ਰਬੰਧ ਬਣਾਓ। ਕੋਈ ਉਡੀਕਦਾ ਹੈ।

ਅਸੀਂ ਆਉਣਾ ਹੈ। ਕੌਣ ਉਡੀਕਦਾ ਸੀ? ਬੀਬੀ ਦੇਸਾਂ। ਵੇਖ ਲਓ। ਉਨ੍ਹਾਂ ਨੇ ਬੜੀ ਸੁਹਣੀ ਛੱਪੜੀ ਬਣਾਈ। ਰੇਤ ਦਾ ਇਲਾਕਾ ਹੈ। ਮਹਾਰਾਜ ਜੀ ਨੂੰ ਗਰਮੀ ਨਾ ਲੱਗੇ ਤੇ ਥੱਲੋਂ ਸਾਰੀ ਰੇਤ ਗਿੱਲੀ ਕਰਕੇ ਠੰਡੀ ਕਰ ਲਈ, ਉੱਤੇ ਛੱਪੜੀ ਪਾ ਲਈ। ਇਹ ਬੀਬੀ ਦੇਸਾਂ ਨੂੰ ਪਤਾ ਲੱਗਾ ਕਿ ਇੰਝ ਜੇਠ ਉਸ ਦੇ ਬੱਚੇ, ਉਨ੍ਹਾਂ ਦੀ ਬੇਨਤੀ ਤੇ ਕਲਗੀਧਰ ਪਿਤਾ ਜੀ ਆ ਰਹੇ ਹਨ। ਲਿਖਿਆ ਹੈ, ਖੇਸ। ਤੁਹਾਨੂੰ ਦੱਸਿਆ ਹੈ ਕਿ ਜਿਵੇਂ ਇਹ ਕੁਝ ਨਾ ਕੁਝ ਗੁਰੂ ਸਾਹਿਬ ਲਈ ਤਿਆਰ ਕਰਦੇ ਰਹਿੰਦੇ ਸਨ। ਇੱਕ ਖੇਸ ਤਿਆਰ ਕੀਤਾ ਸੀ ਤੇ ਹੁਣ ਮਨ ਵਿੱਚ ਬੀਬੀ ਦੇਸਾਂ ਜੀ ਸੋਚਦੇ ਹਨ, ਜੇ ਉਨ੍ਹਾਂ ਦੇ ਘਰ ਆਏ, ਮੈਂ ਦਰਸ਼ਨ ਕਰਨ ਗਈ, ਉਹ ਕਿਤੇ ਮੈਨੂੰ ਬਾਹਰ ਹੀ ਨਾ ਕੱਢ ਦੇਣ, ਪਰਿਵਾਰ ਦੂਜਾ ਹੈ। ਜੇ ਕਿਤੇ ਛੱਪਰੀ ਤੇ ਵੀ ਦਰਸ਼ਨ ਕਰਨ ਗਈ ਤੇ ਉੱਥੇ ਮੈਨੂੰ ਕਿਤੇ ਇਹ ਨਾ ਕਹਿਣ ਕਿ ਤੂੰ ਇੱਥੇ ਕੀ ਲੈਣ ਆਈ ਹੈਂ। ਇੰਨੇ ਇੰਨੇ ਅੱਥਰੂ ਗਿਰਨ ਲੱਗੇ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਲਾਕੇ ਵਿੱਚ ਆ ਰਹੇ ਹਨ, ਮੈਂ ਕਿਵੇਂ ਦਰਸ਼ਨ ਕਰਾਂਗੀ? ਮੈਂ ਕਿਵੇਂ ਮਿਲਾਂਗੀ?

*ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥*
*ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥*

*(ਅੰਗ ੫੦)*

ਇਧਰ ਕਲਗੀਧਰ ਪਿਤਾ ਜੀ ਆ ਗਏ। ਉਸੇ ਛੱਪਰੀ ਵਿੱਚ, ਠੰਡੀ ਹਵਾ। ਕੋਈ ਕੁਝ ਲਿਆ ਰਿਹਾ ਹੈ, ਕੋਈ ਕੁਝ। ਮਹਾਰਾਜ ਜੀ ਨੇ ਪਰਸ਼ਾਦਾ ਛਕਿਆ। ਮਹਾਰਾਜ ਜੀ ਕਹਿੰਦੇ, ਬਹੁਤ ਅਨੰਦ ਆਇਆ ਹੈ। ਮਹਾਰਾਜ ਜੀ ਕਦੀ ਇਧਰ ਵੇਖਦੇ ਹਨ, ਕਦੀ ਉੱਧਰ ਵੇਖਦੇ ਹਨ। ਉਹ ਸਾਰੇ ਕਹਿਣ ਲੱਗੇ ਕਿ ਮਹਾਰਾਜ ਜੀ, ਅਸੀਂ ਸਾਰੇ ਬੈਠੇ ਹਾਂ ਤੇ ਤੁਸੀਂ ਇਧਰ ਉਧਰ ਕੀ ਵੇਖ ਰਹੇ ਹੋ? ਕਲਗੀਧਰ ਮਹਾਰਾਜ ਜੀ ਕਹਿਣ ਲੱਗੇ, ਕਿਸੇ ਨੂੰ ਉਡੀਕ ਰਹੇ ਹਾਂ ਤੇ ਉਹ ਆਇਆ ਨਹੀਂ। ਇਧਰ ਬੀਬੀ ਦੇਸਾਂ ਵੈਰਾਗ ਵਿੱਚ ਅੱਥਰੂ ਕੇਰ ਰਹੀ ਹੈ। ਇਹ ਜਿਹੜਾ ਭਾਈ ਰਾਮ ਸਿੰਘ ਸਜਿਆ ਸੀ, ਇਸ ਨੇ ਬੇਨਤੀ ਕੀਤੀ, ਮਹਾਰਾਜ ਜੀ, ਘਰ ਚਰਨ ਪਾਓ। ਉਹੋ ਹਵੇਲੀ, ਤੇ ਤੀਜਾ ਹਿੱਸਾ, ਬੀਬੀ ਦੇਸਾਂ ਦਾ। ਮਹਾਰਾਜ ਜੀ ਕਹਿੰਦੇ, ਚਲੋ। ਉਹ ਆਪਣੇ ਘਰ ਲਿਜਾ ਰਿਹਾ ਹੈ ਤੇ ਬੀਬੀ ਦੇਸਾਂ ਬੂਹੇ ਦੇ ਮਗਰ ਲੁੱਕ ਕੇ ਦੇਖ ਰਹੀ ਹੈ ਤੇ ਬੇਨਤੀਆਂ ਕਰਦੀ ਪਈ ਹੈ ਕਿ ਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕਿਰਪਾ ਕਰੋ, ਇਹ ਮੈਨੂੰ ਸ਼ਰੀਕੇ ਕਰਕੇ ਤਾਹਨੇ ਮਿਹਣੇ ਮਿਲ ਰਹੇ ਹਨ ਤੇ ਮੈਨੂੰ ਲੁੱਕ ਕੇ ਹੀ ਦਰਸ਼ਨ ਕਰ ਲੈਣ ਦੇਣਾ। ਕਹਿੰਦੇ, ਜਦੋਂ ਬੀਬੀ ਦੇਸਾਂ ਦਾ ਬੂਹਾ (ਵਿਹੜਾ) ਆਇਆ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਲਾਕੀ ਮਾਰੀ ਤੇ ਘੋੜੇ ਤੋਂ ਉੱਤਰ ਕੇ ਮਹਾਰਾਜ ਜੀ, ਇਸ ਦੇ ਘਰ ਆਪ ਜਾ ਕੇ ਕਹਿਣ ਲੱਗੇ, ਲਿਆ ਬੀਬੀ ਦੇਸਾਂ ਸਾਡਾ ਖੇਸ। ਓ ਬੀਬੀ ਦੇਸਾਂ, ਤੇਰੇ ਕਰਕੇ ਹੀ ਤਾਂ ਆਏ ਹਾਂ। ਤੇਰੇ ਪ੍ਰੇਮ ਕਰਕੇ ਤਾਂ ਆਏ ਹਾਂ। ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਦਾਸ ਨੂੰ ਬੜੇ ਚੰਗੇ ਲੱਗੇ ਹਨ, ਤੁਹਾਨੂੰ ਵੀ ਪਿਆਰ ਦਾ ਕਿਣਕਾ ਮਿਲੇਗਾ। ਉਸ ਬੀਬੀ ਦੇ ਮੁੱਖ ਵਿੱਚੋਂ ਉਸ ਵੇਲੇ ਕੀ ਨਿਕਲਿਆ, ਇਸ ਤਰ੍ਹਾਂ ਕਲਗੀਧਰ ਪਿਤਾ ਜੀ ਨਾਲ ਯਾਰੀ ਪਾਓ:

*ਨੀਚਾਂ ਦੇ ਪ੍ਰਤਿਪਾਲਕ।*

ਬੀਬੀ ਦੇਸਾਂ ਜੀ ਦੇ ਹਿਰਦੇ ਦੀ ਗੱਲ ਭਾਈ ਵੀਰ ਸਿੰਘ ਜੀ ਨੇ ਲਿਖੀ ਹੈ :

*ਨੀਚਾਂ ਦੇ ਪ੍ਰਤਿਪਾਲਕ ਸਤਿਗੁਰੂ, ਨੀਚਾਂ ਦੇ ਪ੍ਰਤਿਪਾਲਕ।*
*ਗਰੀਬਾਂ ਦੇ ਪਿਆਰੇ ਸਤਿਗੁਰੂ, ਗਰੀਬਾਂ ਦੇ ਪਿਆਰੇ।*
*ਮੇਰੇ ਆਪਣੇ ਸਤਿਗੁਰੂ, ਮੇਰੇ ਦਾਤੇ ਸਤਿਗੁਰੂ।*
*ਨੀਚਾਂ ਦੇ ਪ੍ਰਤਿਪਾਲਕ ਸਤਿਗੁਰੂ, ਨੀਚਾਂ ਦੇ ਪ੍ਰਤਿਪਾਲਕ।*

ਕਹਿੰਦੇ, ਬੀਬੀ ਦੇਸਾਂ ਜਲਦੀ ਨਾਲ ਅੰਦਰ ਦੌੜੀ ਗਈ ਤੇ ਲਿਆ ਕੇ ਖੇਸ ਸਤਿਗੁਰਾਂ ਅੱਗੇ ਭੇਟਾ ਰੱਖਿਆ। ਕਲਗੀਧਰ ਪਿਤਾ ਜੀ ਨੇ ਖੇਸ ਲੈ ਕੇ ਛਾਤੀ ਨਾਲ ਲਗਾਇਆ। ਖੋਲ੍ਹ ਕੇ ਬੁੱਕਲ ਮਾਰ ਲਈ। ਬੀਬੀ ਦੇਸਾਂ ਕਹਿਣ ਲੱਗੀ, ਸਤਿਗੁਰੂ ਜੀ, ਇਹ ਭੁੰਜੇ

ਵਿਛਾਉਣ ਲਈ ਹੈ। ਮਹਾਰਾਜ ਜੀ ਕਹਿੰਦੇ, ਤੂੰ ਇੰਨੇ ਪਿਆਰ ਨਾਲ ਬਣਾਇਆ ਹੈ, ਇਹ ਭੁੰਜੇ ਵਿਛਾਉਣ ਲਈ ਨਹੀਂ, ਇਹ ਮੇਰੇ ਉੱਤੇ ਲੈਣ ਲਈ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਮਹਾਰਾਜ ਜੀ ਕਹਿੰਦੇ, ਹੇ ਬੀਬੀ ਦੇਸਾਂ, ਤੇਰੀ ਸਾਂਈਂ ਦੇ ਦਰ ਤੇ ਸਮਾਈ ਹੋਵੇਗੀ। ਤੇਰੀ ਸੇਵਾ ਪ੍ਰਵਾਨ। ਤੇਰਾ ਪਿਆਰ ਪਰਵਾਨ। ਤੇਰਾ ਜੀਵਨ ਪਿਆਰ ਵਾਲਾ ਵੇਖ ਜਿਹੜਾ ਸੁਣੇਗਾ, ਪੜ੍ਹੇਗਾ, ਕਈਆਂ ਨੂੰ ਰੰਗ ਲੱਗ ਜਾਵੇਗਾ। ਇਹ ਬੀਬੀ ਦੇਸਾਂ ਜੀ ਜੋ ਭਾਈ ਭਗਤੂ ਜੀ ਦੀ ਨੂੰਹ ਹਨ, ਇਨ੍ਹਾਂ ਨੂੰ ਵੀ ਇਤਿਹਾਸਕਾਰਾਂ ਨੇ ਪੰਨੇ ਦਿੱਤੇ ਹਨ, ਇਸ ਅੰਕ ਵਿੱਚ ਤੁਸੀਂ ਉਨ੍ਹਾਂ ਦੇ ਦਰਸ਼ਨ ਕੀਤੇ ਹਨ। ਇੱਕ ਵਾਰੀ ਪੰਕਤੀ ਪਿਆਰ ਨਾਲ ਪੜ੍ਹੋ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ ''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਦੇ ਪ੍ਰਕਰਣ 'ਚੋਂ ਭਾਗ ਦਸਵਾਂ- ਧੰਨ ਧੰਨ ਬੀਬੀ ਦੇਸਾਂ ਜੀ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਸੇਵਾ ਲਈ ਹੈ। ਅਗਲੇ ਐਡੀਸ਼ਨ ਵਿੱਚ ਗਿਆਰ੍ਹਵਾਂ ਭਾਗ- ਧੰਨ ਧੰਨ ਮਾਤਾ ਗੁਜਰੀ ਜੀ ਦੇ ਜੀਵਨ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

---

ਸਾਧ ਸੰਗਤ ਜੀ, ਹੁਣ ਆਪ ਜੀ ਭਾਈ ਗੁਰਇਕਬਾਲ ਸਿੰਘ ਜੀ ਦੇ ਗਾਇਨ ਕੀਤੇ ਕਥਾ-ਕੀਰਤਨ ਦੀਆਂ ਵੀਡੀਓ ਦਾ ਅਨੰਦ ਉਹਨਾਂ ਦੇ **ਆਫੀਸ਼ੀਅਲ ਯੂ-ਟਿਊਬ ਚੈਨਲ** ਤੋਂ ਵੀ ਮਾਣ ਸਕਦੇ ਹੋ ਜੀ।

ਆਪਣੇ ਫੋਨ ਜਾਂ ਕੰਪਿਊਟਰ ਦੇ ਕਿਸੇ ਵੀ ਇੰਟਰਨੈੱਟ ਬਰਾਉਜ਼ਰ ਤੇ (ਬਿਨਾਂ ਕੋਈ ਸਪੇਸ)

ਲਿਖੋ :- **youtube.com / bhaiguriqbalsingh**

**ਜਾਂ** ਯੂ ਟਿਊਬ ਵਿੱਚ ਜਾ ਕੇ ਲਿਖੋ : **Channel bgsg**

ਸਰਚ ਬਟਨ ਰਾਹੀਂ ਆਪ ਜੀ ਭਾਈ ਸਾਹਿਬ ਜੀ ਦੇ **ਆਫੀਸ਼ੀਅਲ ਯੂ-ਟਿਊਬ ਚੈਨਲ** ਤੇ ਪਹੁੰਚ ਜਾਵੋਗੇ ਅਤੇ ਪਲੇਅ ਲਿਸਟ (Playlist) ਵਿੱਚੋਂ ਆਪਣੇ ਮਨ-ਪਸੰਦ ਪ੍ਰਕਰਣ ਦੇ ਕਥਾ-ਕੀਰਤਨ ਦਾ ਲਾਹਾ ਪ੍ਰਾਪਤ ਕਰ ਸਕਦੇ ਹੋ।

ਬੇਨਤੀ ਹੈ ਕਿ ਵੱਧ ਤੋਂ ਵੱਧ ਚੈਨਲ ਨੂੰ ਸਬਸਕਰਾਈਬ ਕਰੋ, ਬੈੱਲ ਸਵਿੱਚ ਦਬਾਉ ਅਤੇ ਵੀਡੀਓ ਨੂੰ ਲਾਈਕ ਕਰੋ ਤਾਂ ਕਿ ਇਸ ਚੈਨਲ ਵਿੱਚ ਹੋਰ ਵੀ ਕਥਾ-ਕੀਰਤਨ ਦੇ ਪ੍ਰਕਰਣ ਪਾਏ ਜਾ ਸਕਣ ਜੀ।



ਭਾਈ ਗੁਰਇਕਬਾਲ ਸਿੰਘ

ਵੱਲੋਂ :- ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ)

ਹੋਰ ਜਾਣਕਾਰੀ ਲਈ ਸੰਪਰਕ ਕਰੋ : - 98765-25829, 98765-25839

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ''ਜ਼ਿੰਦਗੀ ਦੀਆਂ ਬਰੀਕੀਆਂ'' ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ਤਾਂ ਕਿ ਗੁਰਮਤਿ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਦਾ, ਉਨ੍ਹਾਂ ਸੰਸਿਆਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਸਕਣ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਦੱਸਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**470. ਸਵਾਲ :** ਗੁਰਮੁਖ ਲਈ ਸਭ ਤੋਂ ਔਖਾ ਸਮਾਂ ਕਿਹੜਾ ਹੁੰਦਾ ਹੈ?

**ਜਵਾਬ :** ਗੁਰਮੁੱਖ ਲਈ ਸਭ ਤੋਂ ਔਖਾ ਸਮਾਂ ਹੁੰਦਾ ਹੈ ਜਦ ਉਸਦੀ ਭਗਤੀ ਵਿੱਚ, ਸਾਧਨਾ ਵਿੱਚ ਕੋਈ ਰੁਕਾਵਟ ਆ ਜਾਵੇ। ਭਾਈ ਵੀਰ ਸਿੰਘ ਜੀ ਦੀਆਂ ਕਿਤਾਬਾਂ ਪੜ੍ਹੋ। ਭਾਈ ਵੀਰ ਸਿੰਘ ਜੀ ਆਪਣੀ ਇੱਕ ਕਿਤਾਬ ਵਿੱਚ ਲਿਖਦੇ ਹਨ ਕਿ ਕਿਸੇ ਦੀ ਬਣੀ ਹੋਈ ਅਵਸਥਾ ਥੱਲੇ ਡਿੱਗ ਪਵੇ ਮੰਨ ਲਓ ਤੁਹਾਡੇ ਵਿੱਚੋਂ ਕਿਸੇ ਨੂੰ ਨਾਮ ਵਿੱਚੋਂ ਰਸ ਆਉਂਦਾ ਹੋਵੇ ਤੇ ਅਚਾਨਕ ਰਸ ਵਾਲੀ ਅਵਸਥਾ ਖਤਮ ਹੋ ਜਾਵੇ, ਸਭ ਤੋਂ ਔਖਾ ਸਮਾਂ ਗੁਰਮੁਖ ਲਈ ਉਹ ਹੁੰਦਾ ਹੈ। ਦਾਸ ਇੱਕ ਦੋ ਦਲੀਲਾਂ ਤੁਹਾਡੇ ਨਾਲ ਸਾਂਝੀਆਂ ਕਰੇ।

ਮੰਨ ਲਓ ਤੁਹਾਡੇ ਵਿੱਚੋਂ ਕਿਸੇ ਦਾ ਅੰਮ੍ਰਿਤ ਵੇਲਾ ਬਣਿਆ ਹੋਵੇ ਤੇ ਟੁੱਟ ਜਾਵੇ, ਰਸ ਤੱਕ ਪਹੁੰਚਿਆ ਹੋਵੇ ਤੇ ਰਸ ਖਤਮ ਹੋ ਜਾਵੇ, ਅਧਿਆਤਮਕ ਅਵਸਥਾ ਬਣੀ ਹੋਵੇ, ਸਾਧ ਸੰਗਤ ਜੀ, ਉਸ ਅਵਸਥਾ ਵਿੱਚੋਂ ਥੱਲੇ ਡਿੱਗ ਪਵੋ। ਡਿੱਗਦਾ ਤਾਂ ਹੀ ਹੈ, ਜਦੋਂ ਹਉਮੈ ਆਉਂਦੀ ਹੈ। 'ਮੈਂ' ਤੋਂ ਬਚ ਕੇ ਰਹਿਣਾ ਹੈ ਕਿਉਂਕਿ ਮੈਂ ਹੀ ਜ਼ਿਆਦਾ ਅਵਸਥਾ ਨੂੰ ਡੇਗਦੀ ਹੈ ਜਾਂ ਫਿਰ ਕੋਈ ਕਰਮ ਅੱਗੇ ਆ ਜਾਵੇ, ਬੰਦਾ ਉਸ ਕਰਕੇ ਅਵਸਥਾ ਤੋਂ ਡਿੱਗ ਪੈਂਦਾ ਹੈ। ਆਮ ਕਈ ਵਾਰ ਕੁਝ ਵੀਰ ਜਾਂ ਭੈਣਾਂ ਕਹਿੰਦੀਆਂ ਹਨ, ਸਾਡਾ ਅੰਮ੍ਰਿਤ ਵੇਲਾ ਬਣਿਆ ਹੋਇਆ ਸੀ ਪਰ ਹੁਣ ਟੁੱਟ ਗਿਆ ਹੈ। ਫਿਰ ਉਨ੍ਹਾਂ ਨੂੰ ਪੁੱਛੀਦਾ ਹੈ ਕਿ ਚਾਰ ਲੋਕਾਂ ਨੂੰ ਦੱਸਿਆ ਤੇ ਨਹੀਂ ਸੀ ਕਿ ਮੈਂ ਅੰਮ੍ਰਿਤ ਵੇਲੇ ਨਾਮ ਅਭਿਆਸ ਵਿੱਚ ਜੁੜਦੀ ਹਾਂ। ਉਹ ਕਹਿੰਦੇ ਹਨ, ਹਾਂ, ਜਿਸ ਦਿਨ ਦਾ ਦੱਸਿਆ ਹੈ, ਉਸ ਦਿਨ ਤੋਂ ਟੁੱਟ ਗਿਆ ਹਾਂ। ਇਹ ਜਿਤਨੇ ਮੇਰੇ ਵੀਰ ਤੇ ਭੈਣਾਂ ਹਨ, ਕਿਸੇ ਦੀ ਅਧਿਆਤਮਕ ਅਵਸਥਾ ਬਣੀ ਹੋਵੇ ਤੇ ਡਿੱਗ ਪਵੇ, ਰਸ ਤੱਕ ਪਹੁੰਚਿਆ ਹੋਵੇ ਤੇ ਰਸ ਖਤਮ ਹੋ ਜਾਵੇ, ਉਸ ਲਈ ਇਹ ਬੜਾ ਔਖਾ ਸਮਾਂ ਹੁੰਦਾ ਹੈ।

ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਇੱਕ ਬਚਨ ਸੁਣਾਉਣਾ ਚਾਹੁੰਦਾ ਹੈ ਤਾਂ ਕਿ ਗੱਲ ਪੂਰੀ ਤਰ੍ਹਾਂ ਖੁੱਲ੍ਹ ਜਾਵੇ। ਕੁਝ ਸਾਲਾਂ ਦੀ ਗੱਲ ਹੈ। ਇੱਕ ਭੈਣ ਜਿਸ ਨੇ ਦਾਸ ਨੂੰ ਇਹ ਦੱਸਿਆ ਸੀ ਕਿ ਵੀਰ ਜੀ, ਮੇਰੇ ਤੇ ਇੰਨੀ ਕਿਰਪਾ ਸੀ, ਇੰਨੀ ਕਿਰਪਾ ਸੀ ਕਿ ਦਸ ਸਕਿੰਟ ਜਾਂ

ਪੰਦਰਾਂ ਸਕਿੰਟ ਲੰਘਦੇ ਸਨ, ਦਸ-ਪੰਦਰਾਂ ਸਕਿੰਟਾਂ ਬਾਅਦ ਸੁਰਤ ਗੁਰੂ ਸਾਹਿਬ ਦੇ ਚਰਨਾਂ ਵਿੱਚ ਭਿੱਜ ਜਾਂਦੀ ਸੀ, ਸਿਮਰਨ ਚੱਲ ਪੈਂਦਾ ਸੀ। ਗੁਰੂ ਦੇ ਚਰਨਾਂ ਨਾਲ ਰਸ ਆਉਣਾ ਸ਼ੁਰੂ ਹੋ ਜਾਂਦਾ ਸੀ। ਜੋ ਗੱਲ ਉਸ ਭੈਣ ਨੇ ਦੱਸੀ, ਦਾਸ ਬੋਲ ਰਿਹਾ ਹੈ। ਕਹਿਣ ਲੱਗੀ, ਅੱਜ ਦੀ ਡੇਟ ਵਿੱਚ ਮੈਂ ਇੰਨੀ ਦੁਖੀ ਹਾਂ, ਅੱਜ ਜਦੋਂ ਮੈਂ ਸਮਾਧੀ ਵਿੱਚ ਬੈਠਣ ਦਾ ਯਤਨ ਕਰਦੀ ਹਾਂ, ਗੁਰੂ ਦੇ ਚਰਨ ਅੱਗੇ ਨਹੀਂ ਆਉਂਦੇ, ਗਲਤ ਸੀਨ ਅੱਗੇ ਆਉਂਦੇ ਹਨ। ਉਹ ਬੰਦਾ ਕਿੰਨਾ ਦੁਖੀ ਹੋਵੇਗਾ, ਜਿਸਦਾ ਗੁਰੂ ਦੇ ਚਰਨਾਂ ਵਿੱਚ ਮਨ ਭਿੱਜਦਾ ਹੋਵੇ ਤੇ ਅੱਗੇ ਗਲਤ ਸੀਨ ਆਉਣ ਲੱਗ ਪੈਣ।

ਇਹ ਸੱਚਾਈ ਜਿਹੜੀ ਭਾਈ ਵੀਰ ਸਿੰਘ ਜੀ ਨੇ ਲਿਖੀ ਹੈ, ਇਸ ਨੂੰ ਪੱਲੇ ਬੰਨਿਓ। ਭਾਈ ਵੀਰ ਸਿੰਘ ਜੀ ਲਿਖਦੇ ਹਨ, ਕਿਸੇ ਦੀ ਅਧਿਆਤਮਕ ਅਵਸਥਾ ਬਣੀ ਹੋਵੇ, ਗੁਰੂ ਚਰਨਾਂ ਵਿੱਚੋਂ ਰਸ ਆਉਂਦਾ ਹੋਵੇ ਤੇ ਉਹ ਰਸ ਟੁੱਟ ਜਾਵੇ, ਅਵਸਥਾ ਥੱਲੇ ਡਿੱਗ ਜਾਵੇ, ਕਹਿੰਦੇ, ਕੁਝ ਨਾ ਕਰੋ, ਦੋ-ਤਿੰਨ ਦਿਨ ਕੱਢ ਕੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰ ਤੇ ਚਲੇ ਜਾਓ। ਉੱਥੇ ਦੋ-ਦੋ, ਤਿੰਨ-ਤਿੰਨ ਘੰਟੇ ਸਮੇਂ ਅਨੁਸਾਰ ਚੌਂਕੜੇ ਮਾਰੋ, ਕੀਰਤਨ ਸਰਵਣ ਕਰੋ ਤੇ ਨਾਲ ਵਾਹਿਗੁਰੂ ਸ਼ਬਦ ਦੀ ਕਮਾਈ ਕਰੋ, ਅਰਦਾਸਾਂ, ਬੇਨਤੀਆਂ ਕਰੋ। ਭਾਈ ਵੀਰ ਸਿੰਘ ਜੀ ਲਿਖਦੇ ਹਨ, ਇੱਕ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਘਰ ਹੈ ਜਿੱਥੇ ਅੱਠੇ ਪਹਿਰ ਦਰਗਾਹ ਤੋਂ ਬਖਸ਼ਿਸ਼ ਦੀਆਂ, ਨਾਮ ਦੀਆਂ ਲਹਿਰਾਂ ਵਰਸਦੀਆਂ ਹਨ, ਜਿਸ ਦੀ ਵੀ ਅਵਸਥਾ ਡਿੱਗ ਪਵੇ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਜਾ ਕੇ ਤਰਲੇ ਪਾਵੇ, ਬੇਨਤੀਆਂ ਕਰੇ, ਜਿਹੜਾ ਦਰਗਾਹ ਤੋਂ ਅੰਮ੍ਰਿਤ ਵਰਸਦਾ ਹੈ, ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਘਰ, ਉਸ ਦੇ ਸਦਕੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਉਸ ਦੀਆਂ ਬੈਟਰੀਆਂ ਫਿਰ ਚਾਰਜ ਕਰਕੇ ਭੇਜ ਦਿੰਦੇ ਹਨ। ਉਸ ਦੀ ਡਿੱਗੀ ਹੋਈ ਅਵਸਥਾ ਨੂੰ ਧੰਨ ਸ੍ਰੀ ਗੁਰੂ ਰਾਮਦਾਸ ਜੀ ਭਗਤੀ ਰਸ ਦੇ ਕੇ ਚੁੱਕ ਦਿੰਦੇ ਹਨ।

**471. ਸਵਾਲ :** ਆਸਣ ਭਗਤੀ ਕੀ ਹੁੰਦੀ ਹੈ ਤੇ ਆਸਣ ਭਗਤੀ ਕਿਵੇਂ ਕੀਤੀ ਜਾਂਦੀ ਹੈ?

**ਜਵਾਬ :** ਆਸਣ ਭਗਤੀ ਤੋਂ ਭਾਵ ਸੌਖੀ ਭਗਤੀ। ਇਹ ਆਸਣ ਭਗਤੀ ਕਲਗੀਧਰ ਪਿਤਾ ਜੀ ਨੇ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਵਿੱਚ ਵੀ ਪਾਈ। ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਾਤਾ ਸਾਹਿਬ ਕੌਰ ਜੀ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਬਚਨ ਕੀਤਾ ਕਿ ਦਿੱਲੀ ਚਲੇ ਜਾਓ। ਸਤਿਬਚਨ ਨਾਲ ਹੀ ਹੱਥ ਜੋੜ ਕੇ ਬੇਨਤੀ ਕੀਤੀ ਮਾਤਾ ਜੀ ਨੇ ਕਿਹਾ ਸਤਿਗੁਰੂ ਜੀ ਸਾਡੇ ਨੇਮ ਦਾ ਕੀ ਬਣੇਗਾ? ਮਹਾਰਾਜ ਜੀ ਕਹਿਣ ਲੱਗੇ, ਕਿਹੜਾ ਨੇਮ? ਮਾਤਾ ਜੀ ਕਹਿਣ ਲੱਗੇ, ਅਸੀਂ ਜਿਵੇਂ ਆਪ ਜੀ ਦੀ ਕ੍ਰਿਪਾ ਨਾਲ ਅੰਮ੍ਰਿਤ ਵੇਲੇ ਉੱਠਦੇ ਹਾਂ, ਜੋ ਵੀ ਛੇ-ਸੱਤ ਘੰਟੇ ਦਾ ਚੌਂਕੜਾ ਆਪ ਜੀ ਦੀ ਕਿਰਪਾ ਨਾਲ ਲੱਗਦਾ ਹੈ ਤੇ ਫਿਰ ਤੁਹਾਡੇ ਦਰਸ਼ਨ ਕਰਕੇ ਹੀ ਰਸਨਾ ਨੂੰ ਕੁਝ ਲਗਾਉਂਦੇ ਹਾਂ। ਅਗਰ ਦਿੱਲੀ ਚਲੇ ਗਏ ਤਾਂ ਤੁਹਾਡੇ ਦਰਸ਼ਨ ਕਿਵੇਂ ਕਰਾਂਗੇ? ਇਹ ਇਤਿਹਾਸ ਹੈ। ਮਹਾਰਾਜ ਜੀ ਨੇ ਆਪਣੇ ਨਿੱਜੀ ਸ਼ਸ਼ਤਰ ਬਖਸ਼ੇ ਤੇ ਆਖਿਆ, ਇਨ੍ਹਾਂ ਸ਼ਸ਼ਤਰਾਂ ਦਾ ਆਸਣ ਲਗਾਉਣਾ, ਮਖਮਲੀ ਗੱਦੇ ਤੇ। ਉਸੇ ਤਰ੍ਹਾਂ ਇੱਕ ਵਜੇ ਉੱਠਣਾ, ਉਸੇ ਤਰ੍ਹਾਂ ਸਵੇਰ ਤੱਕ ਜੁੜਨਾ ਤੇ ਫਿਰ ਅਰਦਾਸ ਕਰਕੇ ਜਿੱਥੇ ਆਸਣ ਲਗਾਇਆ ਹੋਵੇਗਾ, ਪਰਦਾ ਪਰ੍ਹੇ ਕਰਨਾ, ਸ਼ਸ਼ਤਰ ਤੇ ਆਸਣ ਵਾਲੀ ਜਗ੍ਹਾ ਤੇ ਦਰਸ਼ਨਾਂ ਦੇ ਝਲਕਾਰੇ ਦਿਆਂਗੇ। ਇਹ ਹੈ ਆਸਣ ਭਗਤੀ।

ਇਸੇ ਤਰ੍ਹਾਂ ਗੁਰੂ ਇਤਿਹਾਸ ਵਿੱਚ ਭਾਈ ਗੋਂਦਾ ਜੀ ਦੀ ਵੀ ਸਾਖੀ ਆਉਂਦੀ ਹੈ। ਕਾਬਲ ਦੀ ਸੰਗਤ ਨੇ ਸਤਿਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਬੇਨਤੀ ਕੀਤੀ, ਮਹਾਰਾਜ ਜੀ, ਦਰਸ਼ਨ ਦਿਓ। ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ ਕਹਿਣ ਲੱਗੇ, ਰੁਝੇਵੇਂ ਬੜੇ ਹਨ। ਉਹ ਕਹਿਣ ਲੱਗੇ ਕਿ ਸੰਗਤ ਉਡੀਕਦੀ ਹੈ ਤੇ ਮਹਾਰਾਜ ਜੀ ਨੇ ਭਾਈ ਗੋਂਦਾ ਜੀ ਵੱਲ ਇਸ਼ਾਰਾ ਕਰ ਦਿੱਤਾ। ਮਹਾਰਾਜ ਜੀ ਕਹਿਣ ਲੱਗੇ, ਸਾਡੀ ਜਗ੍ਹਾ ਤੇ

ਭਾਈ ਗੋਂਦਾ ਜੀ ਨੂੰ ਲੈ ਜਾਓ। ਸੰਗਤ ਦਾ ਚਿਹਰਾ ਉਦਾਸ ਤੇ ਦੁਬਾਰਾ ਬੇਨਤੀ ਕੀਤੀ ਮਹਾਰਾਜ ਜੀ ਤੁਸੀਂ ਚੱਲੋ ਤੇ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਕਹਿਣ ਲੱਗੇ, ਇਹ ਭਾਈ ਗੋਂਦਾ ਸਾਡਾ ਹੀ ਰੂਪ ਹੈ। ਇਸ ਦੇ ਦਰਸ਼ਨਾਂ ਵਿੱਚੋਂ ਸਾਡੇ ਹੀ ਦਰਸ਼ਨ ਹੋਣਗੇ, ਸਾਡਾ ਹੀ ਰੂਪ ਜਾਣਾ। ਸੰਗਤ ਖੁਸ਼ ਹੋ ਗਈ। ਮਹਾਰਾਜ ਜੀ ਨੇ ਬਚਨ ਕਰ ਦਿੱਤੇ। ਸਿੱਖ ਨਾਲ ਇੰਨਾ ਪਿਆਰ, ਕਮਾਈ ਸੀ ਪਰ ਭਾਈ ਗੋਂਦਾ ਜੀ ਉਦਾਸ ਹੋ ਗਏ। ਮਹਾਰਾਜ ਜੀ ਪੁੱਛਣ ਲੱਗੇ, ਭਾਈ ਗੋਂਦਾ ਜੀ, ਤੁਸੀਂ ਕਿਉਂ ਉਦਾਸ ਹੋ ਗਏ? ਭਾਈ ਗੋਂਦਾ ਜੀ ਕਹਿਣ ਲੱਗੇ, ਸਤਿਗੁਰੂ ਜੀ, ਆਪ ਜੀ ਦੇ ਬਚਨ ਸਦਕਾ ਸੰਗਤ ਨੂੰ ਮੇਰੇ 'ਚੋਂ ਆਪ ਜੀ ਦੇ ਦਰਸ਼ਨ ਹੋ ਜਾਣਗੇ ਪਰ ਮੈਨੂੰ ਆਪ ਜੀ ਦੇ ਦਰਸ਼ਨ ਕਿਵੇਂ ਹੋਣਗੇ? ਅੱਗੋਂ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਕਹਿਣ ਲੱਗੇ, ਅੰਮ੍ਰਿਤ ਵੇਲੇ ਜਦ ਨਿਤਨੇਮ ਕਰੋਗੇ, ਸਾਹਮਣੇ ਆਸਣ ਵਿਛਾਉਣਾ, ਭਾਵਨਾ ਬਣਾਉਣਾ, ਅਸੀਂ ਬੈਠੇ ਹੋਏ ਹਾਂ ਤੇ ਫਿਰ ਨਿਤਨੇਮ ਜਦੋਂ ਸਮਾਪਤ ਹੋਵੇਗਾ, ਤੁਹਾਨੂੰ ਦਰਸ਼ਨਾਂ ਦੇ ਝਲਕਾਰੇ ਮਿਲਣਗੇ। ਵੇਖੋ ਇੰਨਾ ਮਹਾਨ ਹੈ ਸਾਡਾ ਗੁਰੂ ਇਤਿਹਾਸ। ਇਹ ਆਸਣ ਭਗਤੀ ਹੈ, ਇਸ ਨਾਲ ਮਨ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਰਹਿੰਦਾ ਹੈ। ਜਿਸ ਨਾਲ ਰਸ ਜਲਦੀ ਬਣਦਾ ਹੈ।

**472. ਸਵਾਲ :** ਧੰਨ ਬਾਬਾ ਨੰਦ ਸਿੰਘ ਜੀ ਭਗਤੀ ਕਰਨ ਤੇ ਸੰਭਾਲਣ ਬਾਰੇ ਕਿਵੇਂ ਸਮਝਾਉਂਦੇ ਸਨ?

**ਜਵਾਬ :** ਇਸ ਘਰ ਦੀਆਂ ਵੱਡੀਆਂ ਦੇਣਾਂ। ਕਮਾਈ ਕਰਵਾਈ ਵੀ ਤੇ ਕਮਾਈ ਸੰਭਾਲਣ ਦੀ ਵੀ ਜਾਚ ਦੱਸੀ। ਕੋਈ ਇਹੋ ਜਿਹਾ ਘਰ ਲੱਭੇਗਾ? ਪਿਆਰ ਵਾਲੀ ਜੋ ਬਾਬਾ ਜੀ ਨੇ ਮਰਿਆਦਾ ਬਣਾਈ, ਪੂਰਨਮਾਸ਼ੀ ਤੋਂ ਅਗਲੇ ਦਿਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਇਹ ਵਾਰ ਕੀਰਤਨ ਰੂਪ ਵਿੱਚ ਲੱਗਦੀ ਹੈ:

*ਹਉਂ ਤਿਸ ਘੋਲ ਘੁਮਾਇਆ*
*ਗੁਰਮਤਿ ਰਿਦੇ ਗਰੀਬੀ ਆਵੈ ॥*

*(ਵਾਰ: ੧੨, ਪਉੜੀ ੪)*

ਫਿਰ ਇਸ ਪੰਕਤੀ ਤੇ ਦੋ ਘੰਟੇ ਪ੍ਰਕਰਨ ਲੱਗਣੇ। ਜਿਹੜਾ ਸਵੇਰ ਦਾ ਕੀਰਤਨ ਹੁੰਦਾ ਹੈ। ਕੋਈ ਇੱਕ ਪੰਕਤੀ ਲਈ ਜਾਂਦੀ ਹੈ ਤੇ ਫਿਰ ਉਸ ਤੇ ਦੋ ਘੰਟੇ ਪ੍ਰਮਾਣ ਚੱਲਦੇ ਹਨ। ਪੂਰਾ ਰੱਜ ਹੋ ਜਾਵੇ। ਪੂਰਨਮਾਸ਼ੀ ਤੋਂ ਅਗਲੇ ਦਿਨ, ਬਾਬਾ ਜੀ ਵੱਲੋਂ ਸਾਰੇ ਹੀ ਪ੍ਰਮਾਣ ਗਰੀਬੀ (ਨਿਮਰਤਾ) ਦੇ। ਕਈਆਂ ਨੇ ਪੁੱਛਣਾ, ਬਾਬਾ ਜੀ ਇਹ ਕਿਉਂ? ਬਾਬਾ ਜੀ ਨੇ ਕਹਿਣਾ, ਪੂਰਨਮਾਸ਼ੀ ਨੂੰ ਸੰਗਤ ਬਹੁਤ ਆਉਂਦੀ ਹੈ, ਕਈ ਪਿਆਰ ਵਿੱਚ ਨਮਸਕਾਰਾਂ ਕਰ ਜਾਂਦੇ ਹਨ ਤੇ ਮਨ ਕਿਤੇ ਕੁਝ ਬਣ ਨਾ ਬੈਠੇ, ਇਹ ਸਾਰਾ ਪ੍ਰਕਰਨ ਗਰੀਬੀ ਦਾ ਲਗਾਈਦਾ ਹੈ ਕਿ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦੀ ਨਿਮਰਤਾ, ਗਰੀਬੀ ਇਸ ਮਨ ਨੂੰ ਕਿਤੇ ਭੁੱਲ ਨਾ ਜਾਵੇ। ਇਹ ਉਹ ਉੱਚਾ ਘਰ ਹੈ। ਪੂਰਨਮਾਸ਼ੀ ਤੋਂ ਅਗਲਾ ਦਿਨ ਰਾਗੀ ਸੰਤਾ ਸਿੰਘ ਜੀ ਨੇ ਦੋ ਘੰਟੇ ਗਰੀਬੀ ਤੇ ਪ੍ਰਮਾਣ ਦਿੱਤੇ:

*ਸੋਰਠਿ ਮਹਲਾ ੧ ਘਰੁ ੧ ॥*
*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*

*(ਅੰਗ ੫੯੫)*

*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥*

*(ਅੰਗ ੨੭੮)*

ਪਟਿਆਲੇ ਦੇ ਰਾਜੇ ਦੀ ਮਾਤਾ ਬੈਠੀ ਸੀ। ਪਰਦਾ ਰੱਖਦੀ ਸੀ। ਜਦੋਂ ਕੀਰਤਨ ਸਰਵਣ ਕੀਤਾ ਗਰੀਬੀ ਦੇ ਪ੍ਰਮਾਣ ਸੁਣ-ਸੁਣ ਕੇ ਇਹੋ ਜਿਹਾ ਅਸਰ ਹੋਇਆ ਕਿ ਪਟਿਆਲੇ ਦੇ ਰਾਜੇ ਦੀ ਮਾਤਾ ਉੱਠ ਪਈ। ਪਰਦੇ ਪਰ੍ਹੇ ਕਰਕੇ ਤੇ ਗਲ ਵਿੱਚ ਹਜ਼ੂਰੀਆ ਪਾ ਕੇ ਸੰਗਤ ਦੇ ਜੋੜੇ ਸਾਫ ਕਰਨ ਲੱਗ ਪਈ। ਦਿਨੇ ਕਿਸੇ ਨੇ ਕਹਿ ਦਿੱਤਾ, ਰਾਗੀ ਸੰਤਾ ਸਿੰਘ ਜੀ ਨੂੰ ਕਿ ਤੁਸੀਂ ਇੰਨਾ ਜੁੜ ਕੇ ਕੀਰਤਨ ਕੀਤਾ, ਗਰੀਬੀ ਦੇ ਪ੍ਰਮਾਣ ਸੁਣ ਕੇ ਪਟਿਆਲੇ ਦੇ ਰਾਜੇ ਦੀ ਮਾਤਾ ਜੋੜੇ ਸਾਫ ਕਰਨ ਲੱਗ ਪਈ ਹੈ।

ਉਨ੍ਹਾਂ ਦੇ ਅੰਦਰ ਨਾਲ ਹੀ ਹਉਮੈ ਨੇ ਜਨਮ ਲੈ ਲਿਆ। ਮਨ ਵਿੱਚ ਆ ਗਿਆ ਕਿ ਮੈਂ ਇੰਨਾ ਵਧੀਆ ਕੀਰਤਨ ਕੀਤਾ। ਮੇਰੇ ਕਰਕੇ ਪਟਿਆਲੇ ਦੇ ਰਾਜੇ ਦੀ ਮਾਤਾ ਜੋੜੇ ਸਾਫ ਕਰਨ ਲੱਗ ਪਈ। ਜਦੋਂ ਸ਼ਾਮ ਨੂੰ ਕੀਰਤਨ ਤੇ ਬੈਠਣ ਲੱਗੇ ਤੇ ਧਿਆਨ ਦੇਣਾ ਸੰਗਤ ਜੀ! ਬਾਬਾ ਨੰਦ ਸਿੰਘ ਜੀ ਦਾ ਜੀਵਨ ਐਸਾ ਹੈ। ਜਿਹੜੇ ਕਮਾਈ ਕਰਨ ਦੀ ਵੀ ਜਾਚ ਦੱਸਦੇ ਹਨ ਤੇ ਕਮਾਈ ਸੰਭਾਲਣ ਦੀ ਵੀ ਜਾਚ ਦੱਸਦੇ ਹਨ। ਬਾਬਾ ਜੀ ਉਂਗਲ ਦਾ ਇਸ਼ਾਰਾ ਕਰਕੇ ਕਹਿੰਦੇ, ਸੰਤਾ ਸਿੰਘ ਜੀ! ਵਾਜੇ ਤੋਂ ਉੱਠ ਪਉ। ਬਾਬਾ ਜੀ, ਹੋਇਆ ਕੀ? ਬਾਬਾ ਜੀ ਕਹਿੰਦੇ, ਸੰਤਾ ਸਿੰਘ ਜੀ, ਤੁਹਾਡਾ ਕੀਰਤਨ ਸੁਣ ਕੇ ਪਟਿਆਲੇ ਦੇ ਮਹਾਰਾਜੇ ਦੀ ਮਾਤਾ ਦੇ ਹਉਮੈ ਦੇ ਟਿੱਬੇ ਖਤਮ ਹੋ ਗਏ। ਉਹ ਜੋੜੇ ਝਾੜਨ ਲੱਗ ਪਈ। ਉਸ ਦੇ ਹਉਮੈ ਦੇ ਟਿੱਬੇ ਖਤਮ ਹੋ ਗਏ ਪਰ ਅਫਸੋਸ ਜਿਸ ਨੇ ਕੀਰਤਨ ਕੀਤਾ ਹੈ, ਉਸ ਦੇ ਹਉਮੈ ਦੇ ਟਿੱਬੇ ਹੋਰ ਬਣ ਗਏ। ਤੁਸੀਂ ਕੀ ਸੋਚਿਆ ਕਿ ਮੇਰਾ ਕੀਰਤਨ ਸੁਣਨ ਕਰਕੇ ਰਾਜੇ ਦੀ ਮਾਤਾ ਜੋੜੇ ਝਾੜਨ ਲੱਗ ਪਈ। ਬਾਬਾ ਜੀ ਕਹਿੰਦੇ ਸਾਨੂੰ ਨਹੀਂ ਤੇਰੇ ਜੈਸਿਆਂ ਦੀ ਲੋੜ। ਬਾਬਾ ਜੀ ਪਿਆਰ ਭਰੀ ਤਾੜਨਾ ਵੀ ਕਰ ਦਿੰਦੇ ਸਨ। ਫਿਰ ਪਿਆਰ ਭਰੀ ਤਾੜਨਾ ਵੀ ਜਿਹੜਾ ਨਾਲ ਅਟੈਚ ਹੈ, ਕਮਾਈ ਕਰੇ ਵੀ ਤੇ ਮੈਂ ਤੋਂ ਬਚ ਕੇ ਵੀ ਰਵ੍ਹੇ। ਨਿਮਰਤਾ ਦੇ ਭਾਂਡੇ ਵਿੱਚ ਸੰਭਾਲੇ ਵੀ। ਆਹ ਘਰ ਹੈ, ਨਾਨਕਸਰ। ਇਹ ਹੈ ਅਸਲੀ ਪਰਉਪਕਾਰ। ਸੇਵਕਾਂ ਤੋਂ ਕਮਾਈ ਵੀ ਕਰਵਾਉਣੀ ਤੇ ਕਮਾਈ ਉਨ੍ਹਾਂ ਕੋਲੋਂ ਸੰਭਾਲੀ ਵੀ ਰਹੇ, ਇਸ ਦੀ ਜਾਚ ਵੀ ਸਿਖਾਉਣੀ।

---

# ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 — ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 — ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+40=190/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪਰਮੇਸ਼ਰ ਨੂੰ ਸਭ ਤੋਂ ਪਿਆਰੇ ਆਪਣੇ ਭਗਤ ਹੁੰਦੇ ਹਨ। ਇੱਕ ਪ੍ਰਚਲਤ ਧਾਰਨਾ ਵੀ ਹੈ:

*ਮਾਵਾਂ ਨੂੰ ਪੁੱਤਰ ਪਿਆਰੇ, ਭਗਤ ਪਿਆਰੇ ਰੱਬ ਨੂੰ।*

ਮਾਂ ਨੂੰ ਆਪਣਾ ਪੁੱਤਰ ਕੁੱਲ ਜਹਾਨ ਵਿੱਚੋਂ ਸਭ ਤੋਂ ਅਨਮੋਲ ਰਤਨ ਭਾਸਦਾ (ਲੱਗਦਾ) ਹੈ। ਕੋਈ ਹੋਰ ਉਸਦੇ ਬੱਚੇ ਦੀਆਂ ਕਮੀਆਂ ਦੇਖੇ, ਮਾਂ ਦੇ ਭਾਣੇ ਉਸਦਾ ਪੁੱਤਰ ਰੱਬ ਦੀ ਬਿਹਤਰੀਨ ਕਿਰਤ ਹੋਇਆ ਕਰਦਾ ਹੈ।

ਰੱਬ ਅਤੇ ਭਗਤਾਂ ਦੇ ਪ੍ਰੇਮ ਦੀਆਂ ਕਥਾਵਾਂ ਆਪਣੀ ਮਿਸਾਲ ਆਪ ਹੋਇਆ ਕਰਦੀਆਂ ਹਨ। ਸੰਸਾਰੀ ਲੋਕ ਭਗਤਾਂ ਵਿੱਚ ਕਮੀਆਂ-ਘਾਟਾਂ ਦੇਖ ਸਕਦੇ ਨੇ, ਪਰ ਜੋ ਰੱਬ ਨੂੰ ਭਾਅ ਗਿਆ, ਉਸ ਵਿੱਚ ਕਮੀ ਨਹੀਂ ਹੋ ਸਕਦੀ।

ਪਿੰਡ ਕੁੱਪ ਖੁਰਦ ਦੀ ਸੰਗਤ ਕਰਮਸਰ ਰਾੜਾ ਸਾਹਿਬ ਆਈ। ਸੰਗਤ ਦੀ ਭਾਵਨਾ ਪਿੰਡ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀ ਅਤੇ ਗੁਰਮਤਿ ਸਮਾਗਮ ਕਰਵਾਉਣ ਦੀ ਸੀ। ਮਹਾਂਪੁਰਸ਼ਾਂ ਨੇ ਦੀਵਾਨਾਂ ਦਾ ਸਮਾਂ ਵੀ ਦੇ ਦਿੱਤਾ ਅਤੇ ਸੰਗਤ ਦੀ ਭਾਵਨਾ ਅਨੁਸਾਰ ਨੀਯਤ ਦਿਨ ਪਾਠੀ ਅਤੇ ਕੀਤਰਨੀਏਂ ਸਿੰਘ ਭੇਜ ਦਿੱਤੇ।

ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋ ਗਏ। ਸਾਰੇ ਪਿੰਡ ਦੀ ਸੰਗਤ ਤਾਂ ਸੇਵਾ ਵਿੱਚ ਹਾਜ਼ਰ ਹੀ ਸੀ, ਆਸੇ-ਪਾਸੇ ਦੇ ਪਿੰਡਾਂ ਦੀ ਸੰਗਤ ਵੀ ਸੇਵਾ ਦਾ ਸੁਭਾਗ ਪ੍ਰਾਪਤ ਕਰ ਰਹੀ ਸੀ। ਪਹਿਲੇ ਅਤੇ ਦੂਸਰੇ ਦਿਨ ਮਹਾਂਪੁਰਸ਼ਾਂ ਨੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਜਨਮ ਸਫਲ ਕਰਨ ਦੀ ਪ੍ਰੇਰਨਾ ਦਿੱਤੀ।

ਤੀਸਰੇ ਦਿਨ ਸਵੇਰੇ ਪਿੰਡ ਦੀ ਸੰਗਤ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਪਿੰਡ ਦੇ ਖੇਤਾਂ ਵਿੱਚ ਕਮਾਦ ਨਹੀਂ ਹੁੰਦਾ।

''ਕਮਾਦ ਨਹੀਂ ਹੁੰਦਾ? ਕਿਉਂ ਨਹੀਂ ਹੁੰਦਾ? ਸਾਰੀ ਗੱਲ ਖੋਲ੍ਹ ਕੇ ਦੱਸੋ।'' ਬਾਬਾ ਜੀ ਨੇ ਪੁੱਛਿਆ।

''ਬਾਬਾ ਜੀ!'' ਇੱਕ ਮੁੱਖੀ ਸੱਜਣ ਦੱਸਣ ਲੱਗਾ, ਗਲਤੀ ਸਾਡੀ ਹੀ ਹੈ। ਕਈ ਸਾਲ ਹੋ ਗਏ ਕੋਈ ਰਮਤਾ ਸਾਧੂ ਇਧਰੋਂ ਲੰਘ ਰਿਹਾ ਸੀ। ਖੇਤਾਂ ਵਿੱਚ ਕਮਾਦ ਲੱਗਾ ਸੀ। ਉਸ ਸਾਧੂ ਨੇ ਲੰਘਦੇ ਹੋਏ ਇੱਕ ਖੇਤ ਵਿੱਚੋਂ ਗੰਨਾ ਪੁੱਟ ਲਿਆ। ਖੇਤ ਵਾਲਿਆਂ ਦੇ ਮੁੰਡੇ ਨੇ ਦੇਖ ਲਿਆ। ਉਸਨੇ ਆ ਕੇ ਸਾਧੂ ਦੇ ਹੱਥ ਵਿੱਚੋਂ ਗੰਨਾ ਖੋਹ ਲਿਆ। ਗੰਨਾਂ ਤਾਂ ਖੋਹਿਆ ਹੀ, ਧੱਕੇ ਮਾਰ ਕੇ ਖੇਤ ਵਿੱਚੋਂ ਕੱਢ ਦਿੱਤਾ ਅਤੇ ਪੁੱਠਾ ਸਿੱਧਾ ਬੋਲਿਆ ਵੀ। ਸਾਧੂ ਦੇ ਮੂੰਹੋਂ ਵੀ ਬਚਨ ਨਿਕਲ ਗਿਆ ਕਿ ਕਮਾਦ ਬੀਜਿਆ ਹੋਵੇ ਤਾਂ ਕੋਈ ਰਾਹੀ ਪਾਂਧੀ ਕਦੇ ਪੁੱਟ ਵੀ ਲੈਂਦਾ ਹੈ, ਕਮਾਦ ਹੋਣਾ ਹੀ ਨਹੀਂ ਤੇ ਕੋਈ ਪੁੱਟੂ ਹੀ ਕਿਉਂ, ਨਾ ਰਹੂ ਬਾਂਸ, ਨਾ ਵੱਜੂ ਬਾਂਸਰੀ। ਬਾਬਾ ਜੀ ਉਦੋਂ ਤੋਂ ਕਮਾਦ ਨਹੀਂ

ਹੁੰਦਾ। ਕੋਈ ਕਮਾਦ ਬੀਜਦਾ ਵੀ ਹੈ ਤਾਂ ਸੁੱਕ ਜਾਂਦਾ ਹੈ। ਉਸ ਸਾਧੂ ਨੂੰ ਬਹੁਤ ਲੱਭਿਆ ਪਰ ਕਿਤੇ ਲੱਭਾ ਨਹੀਂ। ਪਿੰਡ ਨੇ ਰਲ ਕੇ ਪੁੰਨ ਦਾਨ ਵੀ ਬਥੇਰੇ ਕੀਤੇ ਪਰ ਕੁਝ ਬਣਿਆ ਨਹੀਂ। ਹੁਣ ਆਪ ਜੀ ਕਿਰਪਾ ਕਰੋ... ਸਾਰੇ ਪਿੰਡ ਵਾਲੇ ਭੁੱਲ ਬਖਸ਼ਾਉਣਾ ਚਾਹੁੰਦੇ ਹਨ।''

''ਭਾਈ! ਰੱਬ ਨੂੰ ਆਪਣੇ ਭਗਤ ਜਨ ਪਿਆਰੇ ਹੁੰਦੇ ਹਨ। ਜਿਸ ਨਗਰ ਵਿੱਚ ਸਾਧੂਆਂ ਦੀ ਬੇਅਦਬੀ ਹੋ ਜਾਵੇ, ਰੱਬ ਦੀ ਨਰਾਜ਼ਗੀ ਹੋ ਜਾਂਦੀ ਹੈ।'' ਬਾਬਾ ਜੀ ਨੇ ਬਚਨ ਕੀਤਾ।

ਸਾਧੂ ਨੇ ਭੁੱਖ ਜਾਂ ਪਿਆਸ ਕਾਰਨ ਇੱਕ ਗੰਨਾ ਤੋੜਿਆ ਹੋਵੇਗਾ। ਕਿਸੇ ਦੇ ਖੇਤ ਵਿੱਚੋਂ ਇਸ ਤਰ੍ਹਾਂ ਗੰਨਾ ਪੁੱਟਣ ਬਾਰੇ ਕਈ ਤਰ੍ਹਾਂ ਦੇ ਖਿਆਲ ਹੋ ਸਕਦੇ ਨੇ। ਕੋਈ ਕਹਿ ਸਕਦਾ ਹੈ ਕਿ ਸਾਧੂ ਨੂੰ ਗੰਨਾ ਨਹੀਂ ਪੁੱਟਣਾ ਚਾਹੀਦਾ ਸੀ, ਪਰ ਕਿਸੇ ਵੀ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਦੇ ਹਰ ਪੱਖ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜੀਵਨ ਵਿੱਚ ਸਭ ਤੋਂ ਸ੍ਰੇਸ਼ਟ ਧਰਮ ਹੈ, ਪਰਮੇਸ਼ਰ ਦਾ ਨਾਮ ਜਪਣਾ ਅਤੇ ਨਿਰਮਲ ਕਰਮ ਕਰਨੇ।

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥*

*(ਅੰਗ ੨੬੬)*

ਪਿਆਰ ਵਿੱਚ ਪਰਮੇਸ਼ਰ ਦਾ ਨਾਮ ਜਪਣ ਵਾਲੇ ਭਗਤ, ਸਾਧੂ ਪਰਮੇਸ਼ਰ ਨੂੰ ਭਾਉਂਦੇ ਹਨ :

*ਪਉੜੀ ॥*
*ਭਗਤ ਤੇਰੈ ਮਨਿ ਭਾਵਦੇ*
*ਦਰਿ ਸੋਹਨਿ ਕੀਰਤਿ ਗਾਵਦੇ ॥*

*(ਅੰਗ ੪੬੮)*

ਦੂਸਰੇ ਥਾਂ ਤੇ ਨਿਰਮਲ ਕਰਮ ਦੀ ਗੱਲ ਹੁੰਦੀ ਹੈ। ਭਗਤ ਜਨਾਂ ਨੇ ਆਪੋ ਆਪਣੀ ਸੰਪਰਦਾ ਜਾਂ ਕਿਸੇ ਵਿਸ਼ੇਸ਼ ਕਾਰਨ ਕਰਕੇ ਰਹਿਣੀ-ਬਹਿਣੀ ਦੀ ਕੋਈ ਮਰਿਆਦਾ ਧਾਰਨ ਕੀਤੀ ਹੁੰਦੀ ਹੈ। ਗੁਰੂ ਘਰ ਵਿੱਚ ਗੁਰਸਿੱਖ ਸਰੀਰਕ ਲੋੜਾਂ ਲਈ ਧਰਮ ਦੀ ਕਿਰਤ ਕਰਦੇ ਹਨ। ਬਿਹੰਗਮ ਪੂਰੇ ਤੌਰ ਤੇ ਪਰਮੇਸ਼ਰ ਪਰਾਇਣ ਰਹਿੰਦੇ ਹਨ, ਮੰਗਣ ਤੋਂ ਗੁਰੇਜ ਕਰਦੇ ਹਨ। ਕੁਝ ਸੰਪਰਦਾਵਾਂ ਵਿੱਚ ਮਧੂਕੜੀ ਕੀਤੀ ਜਾਂਦੀ ਹੈ। ਮਧੂਕੜੀ ਤੋਂ ਭਾਵ ਹੈ ਗੁਜ਼ਾਰਾ ਕਰਨਾ, ਮੰਗ ਕੇ ਪਰਸ਼ਾਦ ਆਦਿ ਲੋੜ ਅਨੁਸਾਰ ਲੈ ਲੈਣਾ। ਲੋਭ ਵਿੱਚ ਨਹੀਂ ਮੰਗਣਾ, ਮੰਗ ਕੇ ਜਮ੍ਹਾ ਨਹੀਂ ਕਰਨਾ। ਕੁਝ ਸਾਧੂ ਮੰਗਦੇ ਨਹੀਂ, ਰਮਦੇ ਹੋਏ ਰੁੱਖਾਂ ਆਦਿ ਤੋਂ ਸਿਰਫ ਲੋੜ ਮਾਤਰ ਫਲ ਜਾਂ ਪੱਤੇ ਆਦਿ ਲੈ ਕੇ ਛਕ ਲੈਂਦੇ ਹਨ।

ਇਸ ਸਾਧੂ ਨੇ ਮੌਜ ਅਨੁਸਾਰ ਇੱਕ ਗੰਨਾ ਪੁੱਟ ਲਿਆ ਸੀ। ਖੇਤ ਦੇ ਮਾਲਕ ਦੇ ਪੁੱਤਰ ਨੇ ਜੋ ਵਤੀਰਾ ਕੀਤਾ, ਉਹ ਕਿਸੇ ਵੀ ਤਰ੍ਹਾਂ ਯੋਗ ਨਹੀਂ ਸੀ। ਅਯੋਗ ਗੱਲਾਂ ਬੋਲਣੀਆਂ, ਗਾਲ੍ਹਾਂ ਕੱਢਣੀਆਂ, ਧੱਕੇ ਦੇਣੇ ਇੱਕ ਵੱਡੀ ਗਲਤੀ ਸੀ। ਬੱਚੇ ਦੀ ਭਾਵੇਂ ਗਲਤੀ ਵੀ ਹੋਵੇ, ਕੋਈ ਹੋਰ ਝਿੜਕੇ ਜਾਂ ਕੁੱਟੇ, ਮਾਂ ਨੂੰ ਬਹੁਤ ਬੁਰਾ ਲੱਗਦਾ ਹੈ। ਭਗਤ ਨੂੰ ਕੋਈ ਬੇਅਦਬੀ ਨਾਲ ਬੋਲੇ ਰੱਬ ਨੂੰ ਕਿਉਂ ਨਹੀਂ ਬੁਰਾ ਲੱਗੇਗਾ? ਭਾਵ ਰੱਬ ਨੂੰ ਵੀ ਬੁਰਾ ਲੱਗਦਾ ਹੈ।

''ਬਾਬਾ ਜੀ! ਗਲਤੀ ਤਾਂ ਇੱਕ ਜਾਣੇ ਦੀ ਸੀ। ਭੁਗਤਣਾ ਸਾਰੇ ਪਿੰਡ ਨੂੰ ਪੈ ਰਿਹਾ ਹੈ।'' ਇੱਕ ਪ੍ਰੇਮੀ ਨੇ ਬੇਨਤੀ ਕੀਤੀ।

''ਹਾਂ ਭਾਈ! ਪਿਛਲੇ ਜੁਗਾਂ ਵਿੱਚ ਸਾਰੇ ਦੇਸ਼, ਨਗਰ ਜਾਂ ਪਰਿਵਾਰ ਨੂੰ ਭੁਗਤਣਾ ਪੈ ਜਾਂਦਾ ਸੀ। ਕਲਯੁੱਗ ਵਿੱਚ ਜੋ ਕਰਮ ਕਰੇ ਉਸੇ ਨੂੰ ਭੋਗਣਾ ਪੈਂਦਾ ਹੈ, ਪਰ ਪਰਮੇਸ਼ਰ ਦੇ ਪਿਆਰੇ ਦਾ ਨਿਰਾਦਰ ਹੋਵੇ ਤਾਂ ਰੱਬੀ ਨਰਾਜ਼ਗੀ ਹੋ ਜਾਂਦੀ ਹੈ। ਫਿਰ ਆਪਣੇ ਪਿਆਰੇ

ਦਾ ਬਚਨ ਤਾਂ ਪਰਮੇਸ਼ਰ ਆਪ ਵੀ ਨਹੀਂ ਟਾਲਦਾ।'' ਬਾਬਾ ਜੀ ਨੇ ਬਚਨ ਕੀਤਾ।

ਸਾਧੂ ਦਾ ਬਚਨ ਅਟੱਲ ਹੁੰਦਾ ਹੈ, ਪਰ ਹੋਵੇ ਸਾਧੂ। ਜੇ ਇੱਕ ਸਾਧੂ ਬਚਨ ਕਰ ਦੇਵੇ, ਦੂਸਰਾ ਸਾਧੂ ਜੁਗਤੀ ਵਰਤ ਕੇ ਵਰਤਾਰੇ ਨੂੰ ਦੂਸਰਾ ਰੂਪ ਦੇ ਸਕਦਾ ਹੈ। ਕੁਰਾਲੀ ਕੋਲ ਇੱਕ ਪਿੰਡ ਹੈ ਅਚਿੰਤਗੜ੍ਹ। ਪਹਿਲਾਂ ਉਸ ਪਿੰਡ ਦਾ ਨਾਂ ਚਿੰਤਗੜ੍ਹ ਸੀ। ਚਿੰਤਗੜ੍ਹ ਪਿੰਡ ਨੂੰ ਇੱਕ ਸਾਧੂ ਦਾ ਬਚਨ ਹੋ ਗਿਆ ਸੀ। ਬਚਨ ਕਰਨ ਵਾਲੇ ਤਾਂ ਸਮੇਂ ਅਨੁਸਾਰ ਸਰੀਰ ਛੱਡ ਕੇ ਨਿੱਜ ਧਾਮ ਚਲੇ ਗਏ, ਪਿੰਡ ਦੀ ਸੰਗਤ ਨੇ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੂੰ ਬੇਨਤੀ ਕੀਤੀ। ਬਾਬਾ ਜੀ ਨੇ ਪਿੰਡ ਵਾਲਿਆਂ ਨੂੰ ਗੁਰੂ ਸਾਹਿਬ ਦੇ ਲੜ ਲੱਗਣ ਦਾ ਬਚਨ ਕੀਤਾ ਅਤੇ ਪਿੰਡ ਦਾ ਨਾਮ ਅਚਿੰਤਗੜ੍ਹ ਰੱਖ ਲੈਣ ਦਾ ਬਚਨ ਕੀਤਾ। ਬਚਨ ਚਿੰਤਗੜ੍ਹ ਨੂੰ ਹੋਇਆ ਸੀ, ਹੁਣ ਪਿੰਡ ਅਚਿੰਤਗੜ੍ਹ ਸੀ।

''ਆਏ ਗਏ ਸੰਤ ਭਗਤ ਜਾਂ ਰਾਹੀ ਪਾਂਧੀ ਦੀ ਸੇਵਾ ਕੀਤਿਆਂ ਰੱਬ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ, ਬਰਕਤਾਂ ਪੈਂਦੀਆਂ ਹਨ। ਸੇਵਾ ਨਹੀਂ ਕਰ ਸਕਦਾ ਤਾਂ ਘੱਟੋ-ਘੱਟ ਬੇਅਦਬੀ ਨਾ ਕਰੇ।'' ਬਾਬਾ ਜੀ ਨੇ ਬਚਨ ਕੀਤਾ, ''ਖੈਰ ਹੁਣ ਆਪਾਂ ਇਉਂ ਕਰਾਂਗੇ ਕੇ ਰਲ ਕੇ ਪਰਮੇਸ਼ਰ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਾਂਗੇ। ਪਰਮੇਸ਼ਰ ਦਇਆਲੂ ਕਿਰਪਾਲੂ ਹੈ।''

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਬਾਬਾ ਜੀ ਦੇ ਦੱਸੇ ਅਨੁਸਾਰ ਅਰਦਾਸ ਕੀਤੀ ਗਈ। ਸਾਰੇ ਪਿੰਡ ਵਾਸੀਆਂ ਨੇ ਧੁਰ ਅੰਦਰੋਂ ਭੁੱਲ ਬਖਸ਼ੇ ਜਾਣ ਦੀ ਭਾਵਨਾ ਨਾਲ ਅਰਦਾਸ ਵਿੱਚ ਹਾਜ਼ਰੀ ਭਰੀ।

ਸੰਗਤ ਜੁੜ ਕੇ ਅਰਦਾਸ ਕਰੇ ਤਾਂ ਪਰਮੇਸ਼ਰ ਪਰਵਾਨ ਕਰਦਾ ਹੈ। ਪਰਮੇਸ਼ਰ ਆਪਣੇ 'ਜਨ' ਦੀ ਅਰਦਾਸ ਬਿਰਥੀ ਨਹੀਂ ਜਾਣ ਦਿੰਦਾ।

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥*

*(ਅੰਗ ੮੧੯)*

ਜਨ ਭਾਵ ਅਭੇਦ ਪੁਰਸ਼। ਬਾਬਾ ਜੀ ਆਪ ਵੀ ਤਾਂ ਅਰਦਾਸ ਵਿੱਚ ਸ਼ਾਮਿਲ ਸਨ। ਅਰਦਾਸ ਪਰਵਾਨ ਹੋਈ। ਖੇਤਾਂ ਵਿੱਚ ਫਿਰ ਕਮਾਦ ਹੋਣ ਲੱਗਾ। ਹੁਣ ਵਾਧਾ ਇਹ ਹੋ ਗਿਆ ਸੀ ਕਿ ਪਿੰਡ ਵਾਲੇ ਆਪ ਲੰਘ ਰਹੇ ਸਾਧੂ ਜਾਂ ਰਾਹੀ ਪਾਂਧੀ ਨੂੰ ਗੰਨਾ, ਰਸ ਜਾਂ ਗੁੜ ਛਕਾ ਦਿੰਦੇ ਸਨ।

*—ਚਲਦਾ*


**ਸਿਫਤਿ ਸਾਲਾਹ ਪੜ੍ਹੋ** **ਮੈਨੂੰ ਜ਼ਰੂਰ ਪੜ੍ਹੋ** **ਸਿਫਤਿ ਸਾਲਾਹ ਕਰੋ**

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦਾ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- | 1200/- |
| ਦੋ ਸਾਲ | 300/- | 2400/- |
| ਪੰਜ ਸਾਲ | 600/- | 4800/- |
| ਲਾਈਫ | 2400/- | 19200/- |

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

485

ਲੱਖਾਂ ਕਰੋੜਾਂ ਕਾਗਜ਼ਾਂ ਦੇ ਟੁਕੜਿਆਂ ਨਾਲ ਕਮਰਾ ਭਰਿਆ ਹੋਵੇ, ਅੱਗ ਲਗਾਉਣ ਲਈ ਤੀਲੀ ਇੱਕ ਦੀ ਹੀ ਲੋੜ ਹੈ। ਭਾਵ ਸਾਡੇ ਕਰਮਾਂ ਵਿੱਚ ਕਰੋੜਾਂ ਦੁੱਖ ਲਿਖੇ ਹੋਣ, ਗੁਰਬਾਣੀ ਨਾਲ ਜੁੜ ਜਾ, ਗੁਰੂ ਸਾਹਿਬ ਦੀ ਇੱਕ ਛਿੰਨ ਦੀ ਨਦਰਿ ਤੇਰੇ ਕਰੋੜਾਂ ਦੁੱਖ ਸਾੜ ਦੇਵੇਗੀ।

486

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਓਟ ਆਸਰਾ ਲੈਣ ਨਾਲ ਔਖੇ ਰਾਹ ਵੀ ਸੁਖਾਲੇ ਹੋ ਜਾਂਦੇ ਹਨ।

487

ਕਾਂਇਆ (ਸਰੀਰ) ਹਰ ਵੇਲੇ ਸੁੱਖ ਨਾ ਭਾਲੇ, ਕਿਸੇ ਨੂੰ ਸਹੂਲਤ ਪਹਿਲਾਂ ਦੇ ਕੇ ਆਪਣੀ ਕਾਇਆ ਨੂੰ ਸਹੂਲਤ ਬਾਅਦ ਵਿੱਚ ਦਿਓ।

ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

# ਸਭ ਤੋਂ ਉੱਚੇ ਤਖਤ ਦਾ ਮਾਲਕ ਕਿਤਨਾ ਗਰੀਬ ਨਿਵਾਜ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*—ਜਸਵਿੰਦਰ ਸਿੰਘ*
*ਪਟਿਆਲਾ*

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥*
*(ਅੰਗ ੧੧੦੬)*

ਸਤਿਗੁਰੂ ਛੇਵੇਂ ਪਾਤਸ਼ਾਹ ਜੀ ਦੇ ਪਿਆਰ ਸਤਿਕਾਰ ਵਿੱਚ ਸਾਰੀ ਸੰਗਤ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

*ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ*
*ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥*
*(ਅੰਗ ੬੨੪)*

ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ।*
*(ਵਾਰ: ੧, ਪਉੜੀ ੪੮)*

ਯੋਧਾ ਵੀ ਹਨ ਤੇ ਪਰਉਪਕਾਰੀ ਵੀ ਹਨ।

*ਦੋ ਕਿਰਪਾਨਾਂ ਬੱਧੀਆਂ*
*ਇਕ ਮੀਰੀ ਦੀ, ਇਕ ਪੀਰੀ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ*
*ਇਕ ਰਾਖੀ ਕਰੇ ਫਕੀਰੀ ਦੀ।*

ਇੱਕ ਆਪਣੀ ਰਾਖੀ ਲਈ, ਇੱਕ ਦੂਸਰੇ ਲਈ। ਕੈਸੇ ਗੁਰੂ ਸਾਹਿਬ ਹਨ ਸਾਡੇ।

*ਹਰਿ ਜੀਉ ਨਿਮਾਣਿਆ ਤੂ ਮਾਣੁ ॥*
*(ਅੰਗ ੬੨੪)*

ਗੁਰੂ ਸਾਹਿਬ ਦੀ ਕ੍ਰਿਪਾ ਨਾਲ ਕੀਰਤਨ ਦੀਵਾਨਾਂ ਵਿੱਚ ਕਈ ਵਾਰੀ ਦਾਸ ਸਾਖੀ ਲਗਾਉਂਦਾ ਹੁੰਦਾ ਹੈ, ਮਾਤਾ ਭਾਗ ਭਰੀ ਜੀ ਦੀ। ਕਿੱਥੇ ਕਸ਼ਮੀਰ ਵਿੱਚ ਚੌਲਾ ਉਣਦੀ ਪਈ ਹੈ, ਜਦੋਂ ਇਹ ਸਾਖੀ ਲਗਾਈਦੀ ਸੀ ਤੇ ਮਨ ਵਿੱਚ ਆਉਂਦਾ ਸੀ ਕਿ ਕਦੀ ਇਸ ਅਸਥਾਨ ਤੇ ਦਰਸ਼ਨ ਹੋਣਗੇ, ਜਿਸ ਘਰ ਵਿੱਚ ਮਾਤਾ ਭਾਗ ਭਰੀ ਜੀ ਨੇ ਚੌਲਾ ਉਣਿਆ ਤੇ ਜਿੱਥੇ ਛੇਵੇਂ ਪਾਤਸ਼ਾਹ ਉਹ ਚੌਲਾ ਲੈਣ ਲਈ ਗਏ। ਕਈ ਵਾਰ ਸੋਚੀਦਾ ਸੀ ਕਿ ਉਸ ਅਸਥਾਨ ਦੀ ਚਰਨ ਧੂੜੀ ਮਿਲ ਜਾਵੇ, ਦਰਸ਼ਨ ਹੋ ਜਾਣ। ਦਾਸ ਦੇ ਅੱਗੇ ਵਾਜਾ ਪਿਆ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਦਾ। ਇਸ ਵਾਜੇ ਨੇ ਅਮਰੀਕਾ ਵੀ ਵਿਖਾ ਦਿੱਤਾ ਹੈ, ਇੰਗਲੈਂਡ ਵੀ ਵਿਖਾ ਦਿੱਤਾ ਹੈ, ਕੈਨੇਡਾ ਵੀ ਵਿਖਾ ਦਿੱਤਾ ਹੈ, ਇਸੇ ਵਾਜੇ ਨੇ ਮਾਤਾ ਭਾਗ ਭਰੀ ਜੀ ਦੇ ਅਸਥਾਨ ਦੇ ਦਰਸ਼ਨ ਵੀ ਕਰਵਾ ਦਿੱਤੇ ਹਨ। ਦਾਸ ਨੂੰ ਨਹੀਂ ਸੀ ਪਤਾ ਕਿ ਪ੍ਰਬੰਧਕਾਂ ਨੇ ਦੀਵਾਨ ਉੱਥੇ ਰੱਖੇ ਹਨ ਥੋੜ੍ਹਾ ਚਿਰ ਪਹਿਲਾਂ ਹੀ ਸ੍ਰੀਨਗਰ ਹੋ ਕੇ ਆਏ ਹਾਂ। ਹੋਰ ਵੀ ਗੁਰਦੁਆਰਾ ਸਾਹਿਬ ਹਨ, ਕਸ਼ਮੀਰ, ਸ੍ਰੀਨਗਰ ਵਿੱਚ ਜਿੱਥੇ ਸਿੱਖ ਘਾਹ ਦੀ ਪੰਡ ਲੈ ਕੇ ਆਇਆ ਸੀ ਤੇ ਪਹਿਲਾਂ ਜਹਾਂਗੀਰ ਦੇ ਤੰਬੂ ਵਿੱਚ ਵੜ ਗਿਆ ਸੀ ਤੇ ਬਾਅਦ ਵਿੱਚ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤੰਬੂ ਵਿੱਚ ਦਰਸ਼ਨ ਕਰਨ ਆਇਆ ਸੀ, ਉਹ ਵੀ ਗੁਰਦੁਆਰਾ ਹੈ।

ਜਿਹੜਾ ਮਾਤਾ ਭਾਗ ਭਰੀ ਜੀ ਦਾ ਗੁਰਦੁਆਰਾ ਸਾਹਿਬ ਹੈ, ਇਸ ਦਾ ਨਾਂ ਹੈ, ਗੁਰਦੁਆਰਾ ਛੱਠੀ ਪਾਤਸ਼ਾਹੀ। ਹਾਲ ਵਿੱਚ ਪ੍ਰਕਾਸ਼ ਹੈ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਇੱਕ ਪਾਸੇ ਮਾਈ ਦੀ ਉਹ ਜਗ੍ਹਾ

ਬਿਲਕੁਲ ਉਸੇ ਤਰ੍ਹਾਂ ਅੱਜ ਵੀ ਮੌਜੂਦ ਹੈ, ਜਿੱਥੇ ਛੇਵੇਂ ਪਾਤਸ਼ਾਹ ਜੀ ਨੇ ਆਖਿਆ, ਲਿਆ ਮਾਈ ਭਾਗ ਭਰੀ ਸਾਡਾ ਚੋਲਾ ਦੇ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇੰਨੀ ਦੂਰ ਤੋਂ ਤੇਰਾ ਪਿਆਰ ਨਾਲ ਉਣਿਆ ਹੋਇਆ ਚੋਲਾ ਲੈਣ ਆਏ ਹਾਂ। ਕੈਸੇ ਗੁਰੂ ਸਾਹਿਬ ਹਨ। ਉਹ ਮਾਈ ਕੋਈ ਕਰੋੜ ਰੁਪਿਆ ਭੇਟਾ ਲੈ ਕੇ ਨਹੀਂ ਬੈਠੀ, ਕੋਈ ਲੱਖਾਂ ਰੁਪਏ ਭੇਟਾ ਲੈ ਕੇ ਨਹੀਂ ਬੈਠੀ, ਇੱਕ ਚੋਲਾ ਹੀ ਹੈ। ਕਿੱਥੇ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਕਿੱਥੇ ਸ੍ਰੀਨਗਰ ਕਸ਼ਮੀਰ। ਰਸਤਾ ਵੇਖ ਲਓ। ਅਸੀਂ ਥੋੜ੍ਹਾ ਚਿਰ ਪਹਿਲਾਂ ਗਏ ਸੀ, ਜੰਮੂ ਪੰਜ ਘੰਟੇ ਲੱਗੇ। ਜੰਮੂ ਤੋਂ ਜਹਾਜ਼ ਫੜਿਆ ਸੀ। ਜੇ ਬਾਈ ਰੋਡ ਜਾਈਏ ਤੇ ਕਿੰਨਾ ਸਮਾਂ ਲੱਗ ਜਾਵੇਗਾ। ਤਕਰੀਬਨ ਅੱਠ ਨੌਂ ਘੰਟੇ ਦਾ ਰਾਹ, 300 ਕਿਲੋਮੀਟਰ, ਪਹਾੜੀ ਰਾਹ। ਉਸ ਅਸਥਾਨ ਤੇ ਦਰਸ਼ਨ ਕਰਕੇ ਬੜੀ ਹੈਰਾਨਗੀ ਹੋਈ। ਅੱਜ ਕੱਲ੍ਹ ਦੇ ਕੱਚੇ ਗੁਰੂ, ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਰੀਸ ਕਰਨ ਵਾਲੇ, ਕੋਈ ਕਹੇ ਕਿ ਇੰਨੇ ਲੱਖ ਦੇਵਾਂਗੇ ਤਾਂ ਭਾਵੇਂ ਫਿਰ ਉੱਥੇ ਚਲੇ ਜਾਣ ਪਰ ਇੱਕ ਪਿਆਰ ਵਿੱਚ ਮਾਤਾ ਭਾਗ ਭਰੀ ਗੁਰੂ ਸਾਹਿਬ ਜੀ ਦੇ ਲਈ ਚੋਲਾ ਤਿਆਰ ਕਰ ਰਹੀ ਹੈ, ਉਹ ਲੈਣ ਜਾਣ ਇਹ ਗੱਲ ਨਹੀਂ। ਉਹ ਨਿਮਾਣਿਆਂ ਦਾ ਮਾਣ ਤੂੰ ਹੀ ਹੈਂ ਛੇਵੇਂ ਪਾਤਸ਼ਾਹ। ਕੋਈ ਮਾਈ ਲੱਖਾਂ ਨਹੀਂ ਲੈ ਕੇ ਬੈਠੀ, ਕਰੋੜਾਂ ਨਹੀਂ। ਚੋਲੇ ਦੀ ਕਿੰਨੀ ਕੁ ਕੀਮਤ ਹੋਵੇਗੀ। ਇੱਕ ਬਿਰਦ ਹੈ, ਗੁਰੂ ਦਾ। ਇੱਕ ਮਾਈ ਨੇ ਪਿਆਰ ਦੇ ਨਾਲ ਚੋਲਾ ਉਣਿਆ ਹੈ ਤੇ ਮਹਾਰਾਜ ਜੀ ਕਿੱਥੋਂ ਆਪ ਚੱਲ ਕੇ ਗਏ। ਆਓ ਕੁਝ ਪੰਕਤੀਆਂ ਪੜ੍ਹ ਲਓ ਸਾਰੇ :

*ਗੋਬਿੰਦ ਭਾਉ ਭਗਤਿ ਦਾ ਭੁਖਾ ॥੭॥*

*(ਵਾਰ: ੧੦, ਪਉੜੀ ੭)*

*ਸਾਚ ਕਹੋਂ ਸੁਨ ਲੇਹੁ ਸਭੈ*

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥*

*(ਤ੍ਵ ਪ੍ਰਸਾਦਿ ਸਵੱਯੇ)*

*ਸਲੋਕੁ ॥*

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥*

*(ਅੰਗ ੨੫੩)*

ਦੁਨੀਆਂ ਦੀਆਂ ਝੋਲੀਆਂ ਭਰਨ ਵਾਲਾ ਕਹਿੰਦਾ ਹੈ, ਮੈਂ ਵੀ ਭੁੱਖਾ ਹਾਂ? ਮੈਨੂੰ ਭੁੱਖ ਹੈ, ਕਾਹਦੀ? ਮੈਂ ਝੋਲੀਆਂ ਭਰਨ ਵਾਲਾ, ਪਰ ਮੈਨੂੰ ਵੀ ਇੱਕ ਗੱਲ ਦੀ ਭੁੱਖ ਏ, ਮੈਂ ਆਪਣੇ ਸਿੱਖ ਕੋਲੋਂ ਪ੍ਰੇਮ ਮੰਗਦਾ ਹਾਂ। ਦਾਸ ਜਦੋਂ ਇਸ ਗੁਰਦੁਆਰਾ ਸਾਹਿਬ ਗਿਆ ਦਰਸ਼ਨ ਕਰਨ ਜਿੱਥੇ ਮਾਤਾ ਭਾਗ ਭਰੀ ਜੀ ਕੋਲੋਂ ਸਤਿਗੁਰਾਂ ਨੇ ਚੋਲਾ ਲਿਆ ਹੈ, ਉੱਥੇ ਇੱਕ ਬੋਰਡ ਲੱਗਾ ਹੋਇਆ ਹੈ। ਬੋਰਡ ਤੇ ਕੁਝ ਲਾਈਨਾਂ ਲਿਖੀਆਂ ਹਨ ਤੇ ਉਨ੍ਹਾਂ ਵਿੱਚੋਂ ਇੱਕ ਲਾਈਨ ਹੈ:

*ਮਾਤਾ ਭਾਗ ਭਰੀ ਜੀ ਇੱਕ ਤੇਰੇ ਪਿਆਰ ਭਰੇ ਚੋਲੇ ਸਦਕੇ, ਇਸ ਕਸ਼ਮੀਰ ਵਿੱਚ ਕਿੰਨੇ ਸਿੱਖਾਂ ਦਾ ਭਲਾ ਹੋ ਗਿਆ, ਛੇਵੇਂ ਪਾਤਸ਼ਾਹ ਜੀ ਦੇ ਦੀਦਾਰੇ ਹੋ ਗਏ। ਇੱਕ ਤੇਰੇ ਚੋਲੇ ਨਾਲ ਕਈਆਂ ਦਾ ਭਲਾ ਹੋ ਗਿਆ।*

ਕੈਸਾ ਨਿਮਾਣਿਆਂ ਦਾ ਮਾਣ ਹੈ। ਦਾਸ ਨੂੰ ਇਹ ਨਹੀਂ ਪਤਾ ਸੀ। ਦਾਸ ਨੇ ਉੱਥੇ ਜਾ ਕੇ ਇਤਿਹਾਸ ਪੜ੍ਹਿਆ, ਇਹ ਜਿਹੜੀ ਮਾਤਾ ਭਾਗ ਭਰੀ ਸੀ, ਇਸ ਨੇ ਜਿਹੜਾ ਚੋਲਾ ਸੀਤਾ ਸੀ, ਇਸ ਦੀਆਂ ਅੱਖਾਂ ਦੀ ਜੋਤ ਹੈ ਹੀ ਨਹੀਂ ਸੀ। ਅੱਖਾਂ ਤੋਂ ਦਿਸਦਾ ਨਹੀਂ ਸੀ ਤੇ ਅੱਖਾਂ ਨਾ ਹੁੰਦਿਆਂ ਹੋਇਆ ਵੀ ਉਹ ਚੋਲਾ ਉਣਿਆ ਹੈ ਤੇ ਜਦੋਂ ਛੇਵੇਂ ਪਾਤਸ਼ਾਹ ਜੀ ਗਏ ਤੇ ਮਹਾਰਾਜ ਜੀ ਕਹਿੰਦੇ, ਲਿਆ ਮਾਈ, ਸਾਡਾ ਚੋਲਾ। ਹੱਥ ਜੁੜ ਗਏ। ਮਾਤਾ ਭਾਗ ਭਰੀ ਕਹਿਣ ਲੱਗੀ, ਇਹ ਚੋਲਾ ਮੈਂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਲਈ ਉਣਿਆ ਹੈ। ਮਾਤਾ, ਅਸੀਂ ਹੀ ਆਏ ਹਾਂ। ਜਿਸ ਪਿਆਰ ਨਾਲ ਤੂੰ ਚੋਲਾ ਉਣਿਆ ਹੈ, ਹੁਣ ਲਿਆ। ਮਾਤਾ ਭਾਗ ਭਰੀ ਕਹਿਣ ਲੱਗੇ, ਇੰਨੇ ਪਿਆਰ ਨਾਲ ਮੈਂ ਚੋਲਾ ਸੀਤਾ ਹੈ, ਤੁਸੀਂ ਮੰਗ ਰਹੇ ਹੋ, ਲਿਆ ਸਾਡਾ ਚੋਲਾ ਪਰ ਮੈਨੂੰ ਕਿਵੇਂ

ਯਕੀਨ ਆਵੇ, ਤੁਸੀਂ ਛੇਵੇਂ ਪਾਤਸ਼ਾਹ ਜੀ ਹੋ। ਮੈਨੂੰ ਕਿਵੇਂ ਪਤਾ ਲੱਗੇ, ਤੁਸੀਂ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹੋ। ਫਿਰ ਮਾਈ ਕੀ ਕਰੀਏ? ਕਹਿਣ ਲੱਗੀ, ਇਨ੍ਹਾਂ ਅੱਖਾਂ 'ਤੇ ਕਿਰਪਾ ਕਰ ਦਿਓ। ਇਹ ਚੋਲਾ ਦੇਵਾਂ, ਤੁਹਾਡੇ ਦਰਸ਼ਨ ਕਰਕੇ ਦੇਵਾਂ, ਤਸੱਲੀ ਹੋਵੇ ਕਿ ਤੁਹਾਨੂੰ ਹੀ ਦਿੱਤਾ ਹੈ।

*ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥*

*(ਅੰਗ ੭੭੮)*

ਮਹਾਰਾਜ ਜੀ ਸਿੱਖ ਨੂੰ ਇਸ਼ਾਰਾ ਕਰਦੇ ਹਨ, ਜਲ ਲਿਆਓ। ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਮਾਤਾ ਭਾਗ ਭਰੀ ਦੇ ਨੇਤਰਾਂ ਤੇ ਜਲ ਪਾਇਆ। ਸੱਚੇ ਪਾਤਸ਼ਾਹ ਜੀ ਦੀ ਹੱਥ ਦੀ ਉਹ ਤਲੀ, ਉਹ ਤਲੀ ਜਿਹੜੀ ਤਿੰਨਾਂ ਭਵਨਾਂ ਨੂੰ ਰੋਜ਼ੀ ਦੇ ਰਹੀ ਹੈ।

*ਸਭ ਨਿਧਾਨ ਦਸ ਅਸਟ ਸਿਧਾਨ*
*ਠਾਕੁਰ ਕਰ ਤਲ ਧਰਿਆ ॥*

*(ਅੰਗ ੪੯੫)*

ਉਸ ਤਲੀ ਤੇ ਜਲ ਪਾ ਕੇ ਮਹਾਰਾਜ ਜੀ ਨੇ ਉਸ ਮਾਈ ਦੇ ਨੇਤਰਾਂ ਤੇ ਛਿੱਟਾ ਮਾਰਿਆ। ਪਾਤਸ਼ਾਹ ਜੀ ਕਹਿੰਦੇ ਮਾਈ ਅੱਖਾਂ ਖੋਲ੍ਹ।

*ਗਉੜੀ ਮਹਲਾ ੫ ॥*
*ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥*

*(ਅੰਗ ੨੦੦)*

ਜਦੋਂ ਗੁਰੂ ਸਾਹਿਬ ਦਿਆਲੂ ਹੋ ਜਾਣ ਤੇ ਸਰੀਰਾਂ ਵਿੱਚੋਂ ਕੈਂਸਰ ਵੀ ਨਹੀਂ ਲੱਭਦੀ। ਜਦੋਂ ਗੁਰੂ ਸਾਹਿਬ ਦਿਆਲੂ ਹੋ ਜਾਣ ਤੇ 12 ਸਾਲ ਦੀ ਗਰੀਬੀ 12 ਦਿਨਾਂ ਦੀ ਰਹਿ ਜਾਂਦੀ ਹੈ। ਗੱਲ ਤੇ ਗੁਰੂ ਦੀ ਦਿਆਲਤਾ ਦੀ ਹੈ। ਸੰਗਤ ਵਿੱਚ ਆ ਕੇ ਜਿਸ ਦੀ ਘੁੰਡੀ ਖੁੱਲ੍ਹ ਗਈ, ਭਾਵਨਾ ਦੀ ਅੱਖ ਬਣ ਗਈ ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਕੋਈ ਦੁੱਖ ਆ ਵੀ ਗਿਆ ਹੈ ਤੇ ਮੇਰੀ ਅਵਸਥਾ ਬਣਾਉਣ ਲਈ ਲਿਆਂਦਾ ਹੈ। ਜੇ ਨਾ ਦੁੱਖ ਆਉਂਦਾ ਤੇ ਕੀ ਮੈਂ ਇੰਨੇ ਪਾਠ ਸੁਖਮਨੀ ਸਾਹਿਬ ਦੇ ਕਰਨੇ ਸੀ। ਜੇ ਨਾ ਦੁੱਖ ਆਉਂਦਾ ਤੇ ਕੀ ਮੇਰੇ ਕੋਲੋਂ ਇੰਨੇ ਪਾਠ ਚੌਪਈ ਸਾਹਿਬ ਦੇ ਹੋਣੇ ਸੀ। ਸੰਗਤ ਵਿੱਚ ਆਉਣ ਵਾਲੇ ਦੀ ਗਿਆਨ ਦੀ ਅੱਖ ਖੁੱਲ੍ਹ ਜਾਂਦੀ ਹੈ।

ਸੰਗਤ ਦਾ ਇੱਕ ਸਰੀਰ ਤੇ ਉਸ ਨੂੰ ਹਾਰਟ ਅਟੈਕ ਹੋ ਗਿਆ। ਹਜ਼ਾਰਾਂ ਰੁਪਿਆ ਹਸਪਤਾਲਾਂ 'ਚ ਦਵਾਈਆਂ ਤੇ ਲੱਗ ਗਿਆ, ਉਹ ਸਰੀਰ ਮੰਜੇ ਤੇ ਹੈ, ਉਸ ਸਰੀਰ ਦੀ ਅੱਖ ਖੁੱਲ੍ਹੀ ਸੀ, ਕਹਿਣ ਲੱਗਾ, ਮੈਨੂੰ ਜਿਹੜਾ ਹਾਰਟ ਅਟੈਕ ਆਇਆ ਹੈ, ਇਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਿਰਪਾ ਬਣ ਕੇ ਆਇਆ ਹੈ, ਅੰਮ੍ਰਿਤ ਬਣ ਕੇ ਆਇਆ ਹੈ। ਉਹ ਕਿਵੇਂ? ਜਿਸ ਦੀ ਅੱਖ ਨਾ ਖੁੱਲ੍ਹੀ ਹੋਵੇ ਤੇ ਉਹ ਤੇ ਕਹਿੰਦਾ ਹੈ, ਸਾਡਾ ਲੱਖ ਲੱਗ ਗਿਆ। ਸਾਡੇ ਘਰ ਦੇ ਵੱਡੇ ਨੂੰ ਹਾਰਟ ਅਟੈਕ ਹੋ ਗਿਆ। ਸਾਡੇ ਵਰਗਾ ਦੁਖੀ ਕੋਈ ਨਹੀਂ। ਅਸੀਂ ਤਾਂ ਪਰੇਸ਼ਾਨ ਬੜੇ ਹਾਂ। ਜਿਸ ਦੀ ਅੱਖ ਖੁੱਲ੍ਹੀ ਹੈ, ਉਹ ਕੁਝ ਹੋਰ ਸੋਚਦਾ ਹੈ। ਉਹ 22 ਸਾਲ ਦਾ ਸਰੀਰ ਕਹਿਣ ਲੱਗਾ, ਮੈਂ ਦਸ ਸਾਲ ਤੋਂ ਹੋਸ਼ ਸੰਭਾਲੀ ਹੈ ਤੇ 12 ਸਾਲ ਹੋ ਗਏ ਹਨ ਪਿਓ ਨੂੰ ਜ਼ੋਰ ਲਗਾਉਂਦਾ ਥੱਕ ਗਿਆ ਹਾਂ, ਅੰਮ੍ਰਿਤ ਛਕ ਲਓ ਤੇ ਮੇਰੇ ਨਾਲ ਮਜ਼ਾਕ ਕਰਦੇ ਹਨ। ਤੂੰ ਵੱਡਾ ਬਾਬਾ ਬਣੀਂ ਫਿਰਦਾ ਹੈਂ। ਲੜਕੇ ਦੀ ਲਿਵ ਲੱਗੀ ਹੋਈ ਸੀ। ਕਹਿਣ ਲੱਗੇ, ਜਿਸ ਦਿਨ ਦਾ ਹਾਰਟ ਅਟੈਕ ਹੋਇਆ ਹੈ, ਹਫਤਾ ਦਸ ਦਿਨ ਹਸਪਤਾਲ ਰਹੇ ਹਾਂ, ਹਫਤਾ ਦਸ ਦਿਨ ਘਰ ਅਰਾਮ ਕਰਕੇ, ਕਹਿਣ ਲੱਗੇ, ਸਿੱਧੇ ਸ੍ਰੀ ਅਕਾਲ ਤਖ਼ਤ ਸਾਹਿਬ ਗਏ ਤੇ ਅੰਮ੍ਰਿਤ ਛਕ ਕੇ ਆ ਗਏ ਹਨ।

ਦਿਲ ਦੀਆਂ ਚਾਰ ਨਾੜਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਾਰੇ ਸਰੀਰ ਵਿੱਚ ਖੂਨ ਦੀ ਸਪਲਾਈ ਹੁੰਦੀ ਹੈ। ਡਾਕਟਰ ਨੇ ਕਹਿ ਦਿੱਤਾ ਹੈ, ਇੱਕ ਨਾੜ ਪੂਰੀ ਬੰਦ ਹੈ, ਇੱਕ ਸੱਠ ਪੈਸੇ ਬੰਦ ਹੈ, ਇੱਕ ਅੱਸੀ ਪੈਸੇ ਤੇ ਇੱਕ ਚਾਲੀ ਪੈਸੇ ਬੰਦ ਹੈ। ਡਾਕਟਰ ਕਹਿੰਦਾ ਹੈ ਕਿ ਜਿਹੜੀ ਪੂਰੀ ਬੰਦ ਹੋ ਗਈ, ਇਸ ਦਾ ਅਪਰੇਸ਼ਨ ਹੋ ਨਹੀਂ ਸਕਦਾ।

ਅੱਸੀ ਪੈਸੇ ਵਾਲੀ ਦਾ ਵੀ ਰਿਸਕ ਹੈ ਤੇ ਦੋ ਜਿਹੜੀਆਂ ਹਨ, ਜਿਹੜੀਆਂ ਸੱਠ ਪੈਸੇ ਤੇ ਚਾਲੀ ਪੈਸੇ ਬੰਦ ਹਨ, ਉਸ ਲਈ ਦਵਾਈਆਂ ਲਓ, ਸ਼ਾਇਦ ਕਿਹੜੇ ਵੇਲੇ ਫਿਰ ਰੁਕਾਵਟ ਹੋਵੇ ਤੇ ਸੁਨੇਹਾ ਵੀ ਆ ਸਕਦਾ ਹੈ। ਕਹਿਣ ਲੱਗਾ, ਜਿਸ ਦਿਨ ਦਾ ਹਾਰਟ ਅਟੈਕ ਹੋਇਆ ਹੈ, 15 ਦਿਨ ਬਾਅਦ ਪਿਤਾ ਜੀ ਅੰਮ੍ਰਿਤ ਵੀ ਛਕ ਆਏ ਹਨ, ਸ਼ਰਾਬ ਨੂੰ ਹੱਥ ਤੱਕ ਨਹੀਂ ਲਗਾਉਂਦੇ, ਕਿਸੇ ਨਾਲ ਮੰਦਾ ਵੀ ਨਹੀਂ ਬੋਲਦੇ। ਕਹਿੰਦੇ, ਹਾਰਟ ਅਟੈਕ ਕੀ ਆਇਆ ਹੈ, ਸਾਡੇ ਪਿਓ ਦਾ ਜੀਵਨ ਬਣ ਗਿਆ ਹੈ। ਇਹ ਇੱਕ ਅੱਖ ਹੈ ਵੇਖਣ ਵਾਲੀ।

ਪੰਦਰਾਂ ਕੁ ਦਿਨ ਹੋਏ, ਭਲਾਈ ਕੇਂਦਰ ਇੱਕ ਚਿੱਠੀ ਆਈ ਕਿਸੇ ਬੀਬੀ ਦੀ। ਚਿੱਠੀ ਵਿੱਚ ਲਿਖਿਆ ਸੀ। ਮੈਨੂੰ ਕੈਂਸਰ ਸੀ। ਦਿੱਲੀ ਪਤਾ ਨਹੀਂ ਕਿਸੇ ਪ੍ਰੋਗਰਾਮ ਤੇ ਦਾਸ ਗਿਆ ਸੀ ਤੇ ਕਿਸੇ ਬੀਬੀ ਨੇ ਕਿਹਾ ਹੋਵੇਗਾ ਕਿ ਮੈਨੂੰ ਕੈਂਸਰ ਹੈ। ਮੈਂ ਬੜੀ ਪਰੇਸ਼ਾਨ ਹਾਂ। ਰਿਪੋਰਟਾਂ ਹੱਥ ਵਿੱਚ ਫੜ੍ਹੀਆਂ ਹੋਈਆਂ, ਕੋਈ ਰਾਹ ਦੱਸੋ। ਦਾਸ ਨੇ ਗੁਰੂ ਸਾਹਿਬ ਦੀ ਕਿਰਪਾ ਨਾਲ ਲੰਘਦੇ-ਲੰਘਦੇ ਸਹਿਜ ਸੁਭਾਅ ਕਿਹਾ ਕਿ ਆਪਣੇ ਨਿਤਨੇਮ ਤੋਂ ਇਲਾਵਾ ਪੰਜ ਪਾਠ ਸੁਖਮਨੀ ਸਾਹਿਬ ਜੀ ਦੇ ਨੇਮ ਵਧਾ ਦਿਓ ਤੇ ਅਰਦਾਸ ਕਰੀ ਜਾਓ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ 'ਚ ਤੀਜੇ ਦਿਨ ਦੇਗ ਕਰਵਾਓ। ਆਪੇ ਸੱਚੇ ਪਾਤਸ਼ਾਹ ਜੀ ਸੁਣਨਗੇ। ਉਨ੍ਹਾਂ ਦੇ ਹੱਥ ਡੋਰੀ ਹੈ। ਬਾਣੀ ਨਾਲ ਜੁੜੋ। ਮਹੀਨਾ-ਡੇਢ ਮਹੀਨਾ ਬੀਤਿਆ ਹੋਵੇਗਾ ਤੇ ਭਲਾਈ ਕੇਂਦਰ ਇੰਨੀ ਲੰਬੀ ਚਿੱਠੀ ਲਿਖ ਕੇ ਰੱਖ ਗਈ। ਉਸ ਵਿੱਚ ਲਿਖਿਆ ਹੈ ਕਿ ਡਾਕਟਰਾਂ ਦੀਆਂ ਰਿਪੋਰਟਾਂ ਵਿੱਚੋਂ ਮੇਰਾ ਕੈਂਸਰ ਖਤਮ ਹੋ ਗਿਆ ਹੈ। ਧਿਆਨ ਦੇਣਾ। ਹੁਣ ਇੱਥੇ ਕੀ ਕਹੀਏ? ਸੁਖਮਨੀ ਸਾਹਿਬ ਜੀ ਦੀ ਬਾਣੀ ਕੀ ਹੈ? ਕਹਿ ਦਿਓ, ਇੱਕ ਵਾਰੀ :

*ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥*

*(ਅੰਗ ੭੭੮)*

ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੀ ਸਰੀਰ ਵਿੱਚੋਂ ਨਿਕਲ ਜਾਂਦੀਆਂ ਹਨ, ਛੇਵੇਂ ਪਾਤਸ਼ਾਹ ਜੀ ਜਿਸ ਤੇ ਕਿਰਪਾਲੂ ਹੋ ਜਾਣ। ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੇ ਜਲ ਲਿਆ ਤੇ ਮਾਤਾ ਭਾਗ ਭਰੀ ਜੀ ਦੇ ਨੇਤਰਾਂ ਤੇ ਛਿੱਟਾ ਮਾਰਿਆ, ਛਿੱਟਾ ਮਾਰਨ ਦੀ ਦੇਰ ਹੀ ਸੀ ਕਿ ਮਾਤਾ ਦੀ ਅੱਖਾਂ ਦੀ ਜੋਤ ਵਾਪਸ ਆਈ। ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ।

*ਸਾਵਲ ਸੁੰਦਰ ਰਾਮਈਆ ॥*

*(ਅੰਗ ੩੩੫)*

ਉਹ ਚੋਲਾ ਭੇਟਾ ਕੀਤਾ ਤੇ ਮਹਾਰਾਜ ਜੀ ਕਹਿੰਦੇ, ਇਸ ਚੋਲੇ ਵਿੱਚ ਕੀ ਭਰਿਆ ਹੈ, ਕੀ ਭਰਿਆ ਹੈ? ਹੇ ਮਾਈ! ਜਿਸ ਦਿਨ ਦੀ ਚੋਲਾ ਉਣਦੀ ਪਈ ਹੈਂ, ਉਸ ਦਿਨ ਦਾ ਕੋਈ ਕੱਪੜਾ ਸਾਡੇ ਤਨ ਤੇ ਸੁੱਖ ਨਹੀਂ ਦੇ ਰਿਹਾ। ਕੁਝ ਹੋਵੇਗਾ। ਇਹ ਪ੍ਰੇਮ ਮਾਈ ਜਾਣੇ। ਇੱਕ-ਇੱਕ ਤਣੀ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਾਂ ਲੈ ਕੇ ਉਣਦੀ ਹੋਵੇਗੀ। ਇਹ ਮਾਈ ਜਾਣੇ। ਐਵੇਂ ਨਹੀਂ ਮੇਰੇ ਛੇਵੇਂ ਪਾਤਸ਼ਾਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਸ਼ਮੀਰ ਗਏ। ਇੱਕ ਪਿਆਰ ਦੀ ਭੇਟਾ ਲੈਣ ਲਈ, ਚੋਲਾ। ਜਦੋਂ ਚੋਲਾ ਭੇਟਾ ਹੋ ਗਿਆ, ਮਹਾਰਾਜ ਜੀ, ਇੱਕ ਬੇਨਤੀ ਹੈ, ਹਾਂ ਜੀ, ਦੱਸੋ ਮਾਈ। ਮਾਤਾ ਭਾਗ ਭਰੀ ਜੀ ਕਹਿੰਦੇ, ਇਹ ਜਿਹੜੀ ਨੇਤਰਾਂ ਦੀ ਜੋਤ ਦਿੱਤੀ ਹੈ, ਮਹਾਰਾਜ ਜੀ ਹੁਣ ਵਾਪਸ ਲੈ ਲਓ। ਮਾਈ ਉਹ ਕਿਉਂ? ਕਿਉਂਕਿ ਤੁਹਾਡੇ ਦਰਸ਼ਨਾਂ ਤੋਂ ਬਾਅਦ ਮੈਨੂੰ ਹੋਰ ਕੁਝ ਦੇਖਣ ਦੀ ਜ਼ਰੂਰਤ ਨਹੀਂ ਹੈ ਸੋ ਮਾਈ ਨੇ ਅਗਲੀ ਬੇਨਤੀ ਕੀਤੀ, ਸਤਿਗੁਰੂ ਜੀ ਮੇਰੀ ਜੋਦੜੀ ਹੈ ਕਿ ਮੇਰਾ ਅਖੀਰਲਾ ਵੇਲਾ ਤੁਸੀਂ ਆਪ ਸੰਭਾਲੋ। ਕਦੀ ਤੁਸੀਂ ਜਾਓਗੇ ਕਸ਼ਮੀਰ, ਗੁਰਦੁਆਰਾ ਛੱਠੀ ਪਾਤਸ਼ਾਹੀ, ਉੱਥੇ ਇਤਿਹਾਸ ਲਿਖਿਆ ਹੈ, ਚੰਦ ਘੰਟਿਆਂ ਬਾਅਦ ਉਸ ਮਾਈ ਨੇ ਛੇਵੇਂ ਪਾਤਸ਼ਾਹ ਜੀ ਨੂੰ ਚੋਲਾ ਦੇ ਕੇ ਤੇ ਦੀਦਾਰੇ ਕਰਦਿਆਂ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਸਰੀਰ

ਤਿਆਗ ਦਿੱਤਾ। ਉਸ ਮਾਈ ਦਾ ਅਖੀਰਲਾ ਵੇਲਾ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਸੰਭਾਲਿਆ।

*ਹਰਿ ਜੀਉ ਨਿਮਾਣਿਆ ਤੂ ਮਾਣੁ ॥*

*(ਅੰਗ ੬੨੪)*

ਇਹ ਵਾਕਿਆ ਕਸ਼ਮੀਰ ਦਾ ਹੈ। ਜਦੋਂ ਛੇਵੇਂ ਪਾਤਸ਼ਾਹ ਜੀ ਜਾ ਰਹੇ ਸੀ ਤੇ ਇੱਕ ਬੱਚੇ ਦੇ ਰੋਣ ਦੀ ਅਵਾਜ਼ ਆਈ। ਨਾਲ ਸਿੱਖ ਨੇ। ਮਹਾਰਾਜ ਜੀ ਸਿੱਖਾਂ ਨੂੰ ਕਹਿੰਦੇ, ਬੱਚੇ ਦੇ ਰੋਣ ਦੀ ਅਵਾਜ਼ ਆ ਰਹੀ ਹੈ। ਬਈ ਲੱਭੋ। ਲੱਭਦਿਆਂ-ਲੱਭਦਿਆਂ ਇੱਕ ਝਾੜੀ ਪਰ੍ਹੇ ਕੀਤੀ। ਇੱਕ ਦਿਨ ਦਾ ਬੱਚਾ। ਇੱਕ ਦਿਨ ਦੀ ਉਮਰ। ਖੱਬਾ ਗੋਡਾ ਥੱਲੇ, ਸੱਜਾ ਗੋਡਾ ਉੱਪਰ ਛੇਵੇਂ ਪਾਤਸ਼ਾਹ ਜੀ ਘੋੜੇ ਤੋਂ ਥੱਲੇ ਉਤਰ ਕੇ ਉਸ ਬੱਚੇ ਕੋਲ ਜਾ ਬੈਠੇ। ਸਿੱਖ ਵੀ ਕੋਲ ਬੈਠੇ ਤੇ ਮਹਾਰਾਜ ਜੀ ਇੱਕ ਸਿੱਖ ਨੂੰ ਕਹਿੰਦੇ, ਇਹ ਬੱਚਾ ਚੁੱਕ ਕੇ ਸਾਡੀ ਝੋਲੀ ਵਿੱਚ ਪਾ ਦੇ। ਉਸ ਬੱਚੇ ਦੇ ਨੱਕ ਨੂੰ ਵੱਢ, ਚਿਹਰਾ ਕਰੂਪ, ਹੋਰ ਤਰ੍ਹਾਂ ਦਾ ਤੇ ਜਿਸ ਮਾਂ ਦੇ ਘਰ ਜੰਮਿਆ ਸੀ, ਉਸ ਨੇ ਚਿਹਰਾ ਕਰੂਪ ਵੇਖ ਕੇ ਸੁੱਟ ਦਿੱਤਾ ਕਿ ਇਸ ਨੂੰ ਕਿੱਥੋਂ ਪਾਲਾਂਗੀ। ਧਿਆਨ ਦੇਣਾ। ਲਿਬੜਿਆ ਪਿਆ। ਚਿਹਰੇ ਤੋਂ ਡਰਾਵਣੀ ਸ਼ਕਲ ਤੇ ਸਿੱਖ ਨੂੰ ਮਹਾਰਾਜ ਕਹਿੰਦੇ, ਚੁੱਕ ਬੱਚੇ ਨੂੰ। ਸਿੱਖ ਨੇ ਚੁੱਕਿਆ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਇਸ ਬੱਚੇ ਨੂੰ ਲਿਆ ਸਾਡੀ ਝੋਲੀ ਵਿੱਚ ਪਾ ਦੇ। ਕੋਈ ਮਾਂ ਛੱਡ ਗਈ, ਇੱਕ ਦਿਨ ਦਾ ਜੰਮਿਆ, ਚਿਹਰਾ ਕਰੂਪ ਹੈ। ਤੇ ਸਿੱਖ ਦੇ ਹੱਥ ਕੰਬਣ ਤੇ ਹੱਥ ਕੰਬਦਿਆਂ ਸਿੱਖ ਕਹਿੰਦਾ ਹੈ, ਮਹਾਰਾਜ ਜੀ ਬੱਚਾ ਕੁਥਰਾ ਹੈ। ਸ੍ਰੀਨਗਰ ਦੀ ਬੋਲੀ ਵਿੱਚ ਕੁਥਰਾ, ਕਹਿੰਦੇ, ਗੰਦੇ ਬੱਚੇ ਨੂੰ। ਤੁਹਾਡੀ ਝੋਲੀ ਵਿੱਚ ਪਾਵਾਂ, ਬੱਚਾ ਲਿਬੜਿਆ ਪਿਆ ਹੈ, ਗੰਦਾ ਹੈ। ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿੰਦੇ, ਬੱਚਾ ਕੁਥਰਾ ਹੈ, ਉਹ ਰਸਨਾ ਜਿਸ ਵਿੱਚੋਂ ਜੋ ਬਚਨ ਨਿਕਲ ਆਵੇ, ਤਿੰਨ ਕਾਲ ਸਤ ਹੈ, ਛੇਵੇਂ ਪਾਤਸ਼ਾਹ ਜੀ, ਉਸ ਰਸਨਾ ਤੋਂ ਵਰ ਦਿੰਦੇ ਹਨ, ਕਹਿੰਦੇ ਭੋਲਿਆ, ਕੁਥਰਾ ਨਹੀਂ। ਮਹਾਰਾਜ ਜੀ, ਕੁਥਰਾ ਹੈ, ਗੰਦਾ ਹੈ। ਮਹਾਰਾਜ ਜੀ ਰਸਨਾ ਤੋਂ ਵਰ ਦਿੰਦੇ, ਕੁਥਰਾ ਨਹੀਂ, ਸੁਥਰਾ ਹੈ। ਸੁਥਰਾ ਦਾ ਕੀ ਅਰਥ ਹੈ, ਸਾਫ। ਮਹਾਰਾਜ ਜੀ ਨੇ ਵਰ ਦਿੱਤਾ, ਕੁਥਰਾ ਨਹੀਂ, ਸੁਥਰਾ ਹੈ। ਉਸ ਸੁਥਰੇ ਨੂੰ ਪਾਲਿਆ ਫਿਰ ਉਸ ਸੁਥਰੇ ਨੇ ਦਸਵੇਂ ਪਾਤਸ਼ਾਹ ਤੱਕ ਗੁਰੂ ਘਰ ਦੀ ਬੇਅੰਤ ਸੇਵਾ ਕੀਤੀ।

*ਹਰਿ ਜੀਉ ਨਿਮਾਣਿਆ ਤੂ ਮਾਣੁ ॥*

*(ਅੰਗ ੬੨੪)*

ਮਾਂ ਨੇ ਕਰੂਪ ਚਿਹਰਾ ਦੇਖ ਕੇ ਇੱਕ ਦਿਨ ਦਾ ਬੱਚਾ ਸੁੱਟ ਦਿੱਤਾ, ਝਾੜੀਆਂ ਵਿੱਚ। ਕਿਸ ਖਿਆਲ ਨਾਲ? ਘੰਟੇ ਦੋ ਘੰਟੇ ਵਿੱਚ ਕੋਈ ਕੁੱਤਾ ਖਾ ਜਾਵੇਗਾ, ਕੋਈ ਸੱਪ ਲੜ ਜਾਵੇਗਾ। ਨਹੀਂ ਤਾਂ ਇੱਕ ਦਿਨ ਦੇ ਬੱਚੇ ਨੂੰ ਕੀੜੇ ਵੀ ਚਿੰਬੜ ਜਾਣ ਤੇ ਉਹ ਵੀ ਖਾ ਜਾਂਦੇ ਹਨ। ਜਿਸ ਨੇ ਸੁੱਟਿਆ, ਕੋਈ ਸੱਪ, ਕੋਈ ਕੀੜੇ, ਕੋਈ ਬਿੱਲੀ ਖਾ ਜਾਵੇਗੀ ਪਰ ਜਿਸ ਤੇ ਛੇਵੇਂ ਪਾਤਸ਼ਾਹ ਜੀਓ, ਤੁਹਾਡੀ ਨਦਰਿ ਪੈ ਗਈ, ਉਹ ਕੁਥਰੇ ਤੋਂ ਸੁਥਰਾ ਬਣ ਗਿਆ। ਅੱਜ ਤੱਕ ਸ੍ਰੀਨਗਰ ਵਿੱਚ ਸੁਥਰੇ ਸ਼ਾਹ ਦੀ ਗੱਦੀ ਰਹੀ ਹੈ।

*ਹਰਿ ਜੀਉ ਨਿਮਾਣਿਆ ਤੂ ਮਾਣੁ ॥*

*(ਅੰਗ ੬੨੪)*

ਐਸਾ ਗੁਰੂ ਨਹੀਂ ਮਿਲੇਗਾ। ਗੁਰੂ ਸਾਹਿਬ ਕਿਰਪਾ ਕਰਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨਾਲ ਜੁੜੋ। ਸ੍ਰੀ ਹਰਿਮੰਦਰ ਸਾਹਿਬ ਜੀ ਨਾਲ ਜੁੜੋ। ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸਾਰੀ ਸੰਗਤ ਤੇ ਆਪਣੀ ਕਿਰਪਾ ਬਣਾਈ ਰੱਖਣੀ ਜੀ। ਪੜ੍ਹੋ ਪਿਆਰ ਨਾਲ:

*ਹਰਿ ਜੀਉ ਨਿਮਾਣਿਆ ਤੂ ਮਾਣੁ ॥*

*(ਅੰਗ ੬੨੪)*

# ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ

—ਰਣਜੀਤ ਸਿੰਘ ਰਾਣਾ

*ਲੜੀ ਜੋੜਨ ਲਈ 132 ਅੰਕ ਦੇਖੋ ਜੀ :-*

## ਦਿੱਲੀ ਦਾ ਰਾਜ ਪ੍ਰਬੰਧ :

ਆਪਣੇ ਵੱਡੇ ਭਰਾ ਸਾਹਿਬਜ਼ਾਦਾ ਅਜ਼ੀਮ ਖਾਂ ਨੂੰ ਕਤਲ ਕਰਕੇ ਬਾਦਸ਼ਾਹ ਬਹਾਦਰ ਸ਼ਾਹ ਦਾ ਦੂਜਾ ਪੁੱਤਰ ਜਹਾਂਦਾਰ ਸ਼ਾਹ ਦਿੱਲੀ ਦੇ ਤਖ਼ਤ 'ਤੇ ਜਾ ਬੈਠਾ। ਦਿੱਲੀ ਦੀ ਵਾਗਡੋਰ ਸੰਭਾਲ ਕੇ ਉਸ ਨੇ ਮੁਹੰਮਦ ਅਮੀਨ ਖਾਂ ਨੂੰ ਫਿਰ ਪੰਜਾਬ ਵੱਲ ਤੋਰ ਦਿੱਤਾ। ਮੁਹੰਮਦ ਅਮੀਨ ਖਾਂ ਅਜੇ ਖਾਲਸਾ ਫੌਜਾਂ ਨਾਲ ਜੰਗ ਦੇ ਪੈਂਤੜੇ ਬੰਨ੍ਹ ਹੀ ਰਿਹਾ ਸੀ ਕਿ ਮਰਹੂਮ ਅਜ਼ੀਮ ਖਾਂ ਦੇ ਪੁੱਤਰ ਫਰਖਸੀਅਰ ਨੇ ਬਗਾਵਤ ਦਾ ਐਲਾਨ ਕਰਕੇ ਆਗਰੇ ਵੱਲ ਕੂਚ ਕਰ ਦਿੱਤਾ। ਬਾਦਸ਼ਾਹ ਜਹਾਂਦਾਰ ਸ਼ਾਹ ਫੌਜਾਂ ਜੋੜ ਕੇ ਤੁਰੰਤ ਦਿੱਲੀ ਤੋਂ ਆਗਰੇ ਵੱਲ ਤੁਰਿਆ ਅਤੇ ਉਸਨੇ ਆਪਣੇ ਵਿਸ਼ਵਾਸਪਾਤਰ ਮੁਹੰਮਦ ਅਮੀਨ ਖਾਂ ਨੂੰ ਤੁਰੰਤ ਆਗਰੇ ਪਹੁੰਚਣ ਦਾ ਪੈਗਾਮ ਭੇਜਿਆ। 13 ਜਨਵਰੀ 1713 ਨੂੰ ਬਾਦਸ਼ਾਹ ਜਹਾਂਦਾਰ ਸ਼ਾਹ ਅਤੇ ਉਸਦੇ ਭਤੀਜੇ ਫ਼ਰਖਸੀਅਰ ਦੀਆਂ ਫੌਜਾਂ ਆਗਰੇ ਵਿੱਚ ਆਹਮੋ-ਸਾਹਮਣੇ ਹੋ ਕੇ ਲੜੀਆਂ। ਜੰਗ ਦੇ ਐਨ ਵਿਚਕਾਰ ਦਿੱਲੀ ਦਰਬਾਰ ਦੇ ਸ਼ਕਤੀਸ਼ਾਲੀ ਸੱਯਦ ਭਰਾਵਾਂ ਨੇ ਫ਼ਰਖਸੀਅਰ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ। ਸੱਯਦ ਭਰਾਵਾਂ ਦੀ ਇਸ ਪਲਟੀ ਨੇ ਜੰਗ ਦਾ ਪਾਸਾ ਵੀ ਉਲਟਾ ਦਿੱਤਾ। ਬਾਦਸ਼ਾਹ ਜਹਾਂਦਾਰ ਸ਼ਾਹ ਮੈਦਾਨ ਛੱਡ ਕੇ ਦਿੱਲੀ ਵੱਲ ਦੌੜਿਆ। ਇੱਥੇ ਵੀ ਸੱਯਦ ਭਰਾਵਾਂ ਦੇ ਇਸ਼ਾਰੇ 'ਤੇ ਦਿੱਲੀ ਦੇ ਸੂਬੇਦਾਰ ਆਸਫ-ਓ-ਦੌਲਾ ਅਸਦ ਖਾਂ ਨੇ ਉਸ ਨੂੰ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਆਗਰੇ ਨੂੰ ਪੂਰੀ ਤਰ੍ਹਾਂ ਆਪਣੀ ਤਾਬਿਆ ਕਰਨ ਲਈ ਕੁਝ ਚਿਰ ਬਾਦਸ਼ਾਹ ਫ਼ਰਖਸੀਅਰ ਆਪ ਤਾਂ ਉੱਥੇ ਰੁਕਿਆ, ਪਰ ਰਾਜਧਾਨੀ ਦਾ ਰਾਜ-ਪ੍ਰਬੰਧ ਸੁਧਾਰਨ ਦੀ ਖੁਲ੍ਹੀ ਛੁੱਟੀ ਦੇ ਕੇ ਸੱਯਦ ਭਰਾਵਾਂ ਨੂੰ ਦਿੱਲੀ ਤੋਰ ਦਿੱਤਾ। ਮਹੀਨੇ ਕੁ ਦੇ ਵਕਫ਼ੇ ਬਾਅਦ 13 ਫਰਵਰੀ 1713 ਨੂੰ ਬਾਦਸ਼ਾਹ ਫ਼ਰਖਸੀਅਰ ਦਿੱਲੀ ਅਪੜਿਆ ਅਤੇ ਕਿਲ੍ਹੇ ਵਿੱਚ ਦਾਖਲ ਹੁੰਦਿਆਂ ਹੀ ਉਸ ਨੇ ਪਹਿਲਾ ਹੁਕਮ ਇਹ ਕੀਤਾ ਕਿ ਜਹਾਂਦਾਰ ਖਾਂ ਦਾ ਸਿਰ ਵੱਢ ਕੇ ਬਰਛੇ 'ਤੇ ਟੰਗ ਕੇ ਸਾਰੇ ਸ਼ਹਿਰ ਵਿੱਚ ਘੁੰਮਾਇਆ ਜਾਵੇ। ਫ਼ਰਖਸੀਅਰ ਵੱਲੋਂ ਤੁਰੰਤ ਅਜਿਹਾ ਕਰਨ ਦਾ ਮਕਸਦ, ਜਿੱਥੇ ਆਪਣੇ ਪਿਤਾ ਦੇ ਕਾਤਲ ਨੂੰ ਸ਼ਰ੍ਹੇਆਮ ਸਜ਼ਾ ਦੇਣੀ ਸੀ, ਉੱਥੇ ਦਿੱਲੀ ਦਰਬਾਰ ਦੇ ਅਮੀਰਾਂ-ਵਜ਼ੀਰਾਂ ਦੇ ਮਨ-ਮਸਤਕ ਵਿੱਚ ਆਪਣੇ ਸਖਤ ਦਿਲ ਬਾਦਸ਼ਾਹ ਹੋਣ ਦੀ ਛਬੀ ਬਿਠਾਉਣਾ ਵੀ ਸੀ।

## ਬਾਦਸ਼ਾਹ ਫ਼ਰਖਸੀਅਰ ਵੱਲੋਂ ਮੁਹਿੰਮ :

ਪਿਛਲੇ ਕਈ ਵਰ੍ਹਿਆਂ ਤੋਂ ਦਿੱਲੀ ਦਰਬਾਰ ਲਈ ਸਭ ਤੋਂ ਵੱਡੀ ਸਿਰਦਰਦੀ ਖਾਲਸਾ ਫੌਜਾਂ ਦੀ ਬਗਾਵਤ ਸੀ। ਫ਼ਰਖਸੀਅਰ ਨੇ ਇਸ ਪਾਸੇ ਵੀ ਤੁਰੰਤ ਧਿਆਨ ਦਿੱਤਾ। ਉਸ ਨੇ ਦਲੇਰ ਜੰਗ ਦੇ ਉਪਨਾਮ ਵਜੋਂ ਜਾਣੇ ਜਾਂਦੇ ਤਜਰਬੇਕਾਰ ਜਰਨੈਲ ਅਬਦੁਲ ਸਮੱਦ ਖਾਨ ਬਹਾਦਰ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਅਤੇ ਉਸ ਦੇ ਪੁੱਤਰ ਜ਼ਕਰੀਆ ਖਾਂ ਨੂੰ ਜੰਮੂ ਦਾ ਫੌਜਦਾਰ ਮੁੱਕਰਰ ਕਰ ਦਿੱਤਾ। ਇਹ ਦੋਨੋਂ ਨਿਯੁਕਤੀਆਂ ਇੱਕੋ ਵੇਲੇ ਇੱਕੋ ਪਰਿਵਾਰ ਵਿੱਚੋਂ ਕਰਨ ਦਾ ਮੰਤਵ ਪੰਜਾਬ ਅਤੇ ਜੰਮੂ ਦੀ ਸਾਰੀ ਮੁਗਲ ਸ਼ਕਤੀ ਨੂੰ ਇਕੱਤਰ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਕਾਬੂ ਕਰਨਾ ਸੀ। ਦਿੱਲੀ ਤੋਂ ਵੱਡੀ ਗਿਣਤੀ ਵਿੱਚ ਫੌਜ ਇਨ੍ਹਾਂ ਨਾਲ ਤੋਰ ਕੇ ਪੰਜਾਬ ਦੇ ਸਾਰੇ ਫੌਜਦਾਰਾਂ ਨੂੰ ਬਾਦਸ਼ਾਹੀ ਹੁਕਮ ਘੱਲ ਦਿੱਤਾ ਗਿਆ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ

ਜੀਂਦਾ ਜਾਂ ਮੁਰਦਾ ਫੜਣ ਲਈ ਗਵਰਨਰ ਅਬਦੁਲ ਸਮੱਦ ਖਾਨ ਬਹਾਦਰ ਦਾ ਪੂਰਾ ਸਾਥ ਦਿੱਤਾ ਜਾਵੇ।

ਅਬਦੁਲ ਸਮੱਦ ਖਾਨ ਅਕਤੂਬਰ 1713 ਵਿੱਚ ਆਪਣੇ ਲਸ਼ਕਰ ਸਮੇਤ ਸਢੌਰੇ ਪਹੁੰਚਿਆ। ਉਸ ਸਮੇਂ ਬਾਬਾ ਬੰਦਾ ਸਿੰਘ ਜੀ ਬਹਾਦਰ ਲੋਹਗੜ੍ਹ ਦੇ ਕਿਲ੍ਹੇ ਵਿੱਚ ਸਨ। ਰਣਨੀਤੀ ਅਨੁਸਾਰ ਸ਼ਾਹੀ ਫੌਜਾਂ ਨੇ ਸਢੌਰੇ ਨੂੰ ਚੌਪਾਸਿਓਂ ਘੇਰ ਲਿਆ। ਉਨ੍ਹਾਂ ਦੀ ਨੀਤੀ ਸੀ ਕਿ ਸਢੌਰਾ ਪੂਰੀ ਤਰ੍ਹਾਂ ਕਾਬੂ ਕਰਕੇ ਫਿਰ ਲੋਹਗੜ੍ਹ ਨੂੰ ਘੇਰਨ ਦੀ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਵੀ ਇਸ ਗੱਲ ਨੂੰ ਭਲੀਭਾਂਤ ਸਮਝਦੇ ਸਨ। ਇਸ ਸਮੇਂ ਦੌਰਾਨ ਜਿੱਥੇ ਉਨ੍ਹਾਂ ਨੇ ਲੋਹਗੜ੍ਹ ਦੀ ਪਕਿਆਈ ਵੱਲ ਧਿਆਨ ਦਿੱਤਾ, ਉੱਥੇ ਜੰਗਜੂ ਸਿੰਘਾਂ ਦੇ ਚਾਰ ਵੱਡੇ ਜੱਥੇ ਸਢੌਰੇ ਵੱਲ ਵੀ ਤੋਰੇ। ਘੇਰੇ ਦੀਆਂ ਚਾਰਾਂ ਬਾਹੀਆਂ 'ਤੇ ਇਨ੍ਹਾਂ ਜੰਗਜੂ ਜੱਥਿਆਂ ਨੇ ਇੱਕੋ ਵਾਰ ਅਚਾਨਕ ਹੱਲਾ ਬੋਲ ਦਿੱਤਾ। ਮੁਗਲ ਫੌਜਾਂ ਦਾ ਧਿਆਨ ਜਦ ਇਨ੍ਹਾਂ ਵੱਲ ਹੋਇਆ ਤਾਂ ਕਿਲ੍ਹੇ ਵਿੱਚ ਬੰਦ ਸਿੰਘਾਂ ਨੇ ਵੀ ਜ਼ੋਰਦਾਰ ਹੱਲਾ ਬੋਲਿਆ। ਦੁਵੱਲਿਓਂ ਮੁਗਲ ਫੌਜਾਂ ਦਾ ਤਕੜਾ ਨੁਕਸਾਨ ਹੋਇਆ, ਪਰ ਸ਼ਾਹੀ ਫੌਜ ਦੀ ਗਿਣਤੀ ਅਮਿਣਵੀਂ ਹੋਣ ਕਰਕੇ ਜੰਗਜੂ ਸਿੰਘਾਂ ਨੂੰ ਇੱਕ-ਦੋ ਹਮਲਿਆਂ ਤੋਂ ਬਾਅਦ ਪਿਛਾਂਹ ਹਟਣਾ ਪਿਆ। ਸਢੌਰੇ ਨੂੰ ਕੁਝ ਦਿਨ ਘੇਰਾ ਪਿਆ ਰਿਹਾ। ਫਿਰ ਇੱਕ ਰਾਤ ਘੇਰੇ ਅੰਦਰਲੇ ਸਿੰਘ ਮੁਗਲ ਫੌਜਾਂ ਦੀ ਇੱਕ ਕਮਜ਼ੋਰ ਬਾਹੀ 'ਤੇ ਹਮਲਾਵਰ ਹੋਏ ਅਤੇ ਕੱਟ-ਵੱਢ ਕਰਦੇ ਰਸਤਾ ਬਣਾਉਂਦੇ ਪਹਾੜੀਆਂ ਦੀ ਓਟ ਥਾਣੀਂ ਡਾਂਡੇ-ਮੀਂਡੇ ਲੋਹਗੜ੍ਹ ਆ ਪੁੱਜੇ। ਸਢੌਰੇ ਤੋਂ ਸਿੱਧਾ ਕੂਚ ਕਰਕੇ ਅਬਦੁਲ ਸਮੱਦ ਖਾਂ ਲੋਹਗੜ੍ਹ ਦੇ ਕਿਲ੍ਹੇ ਵੱਲ ਪਹੁੰਚਿਆ। ਰਣਨੀਤੀ ਤਹਿਤ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਇਸ ਅਸਾਵੀਂ ਟੱਕਰ ਵਿੱਚ ਆਪਣਾ ਬਹੁਤ ਨੁਕਸਾਨ ਕਰਾਉਣਾ ਠੀਕ ਨਾ ਸਮਝਿਆ ਤੇ ਹੱਥ ਦਿਖਾਉਣ ਵਜੋਂ ਇੱਕ ਛੋਟੀ ਜਿਹੀ ਝੜਪ ਉਪਰੰਤ ਲੋਹਗੜ੍ਹ ਦਾ ਕਿਲ੍ਹਾ ਖਾਲੀ ਕਰਕੇ ਪਹਾੜੀਆਂ ਵਿੱਚ ਘਿਰੇ ਆਪਣੇ ਅਜਿਤ ਕਿਲ੍ਹੇ ਜੰਗਲ ਵਿੱਚ ਛੁਪਣ ਹੋ ਗਏ।

## ਗੁਰਦਾਸ ਨੰਗਲ ਦਾ ਘੇਰਾ :

13 ਦਸੰਬਰ 1713 ਨੂੰ ਲਾਹੌਰ ਦੇ ਗਵਰਨਰ ਅਬਦੁਲ ਸਮੱਦ ਖਾਂ ਦਾ ਪੁੱਤਰ ਅਥਵਾ ਜੰਮੂ ਦਾ ਫੌਜਦਾਰ ਜ਼ਕਰੀਆ ਖਾਨ ਦਿੱਲੀ ਪਹੁੰਚ ਕੇ ਬਾਦਸ਼ਾਹ ਫ਼ਰਖਸੀਅਰ ਦੇ ਦਰਬਾਰ ਵਿੱਚ ਹਾਜ਼ਰ ਹੋਇਆ। ਉਸ ਨੇ ਸਰਹਿੰਦ, ਸਢੌਰੇ ਅਤੇ ਲੋਹਗੜ੍ਹ ਤੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਖਦੇੜਣ ਦੀ ਖੁਸ਼ਖ਼ਬਰੀ ਬਾਦਸ਼ਾਹ ਨੂੰ ਸੁਣਾਈ ਅਤੇ ਸਬੂਤ ਵਜੋਂ ਸਿੱਖਾਂ ਦੇ ਵੱਢੇ ਹੋਏ ਸਿਰ ਵੀ ਦਰਬਾਰ ਵਿੱਚ ਪੇਸ਼ ਕੀਤੇ। ਇਸ ਪਿੱਛੋਂ ਗਵਰਨਰ ਅਬਦੁਲ ਸਮੱਦ ਖਾਂ ਆਪ ਵੀ ਦਿੱਲੀ ਪਹੁੰਚਿਆ ਅਤੇ ਭਰੇ ਦਰਬਾਰ ਆਪਣੀ ਜਿੱਤ ਦੇ ਡੰਕੇ ਵਜਾ ਕੇ ਬਾਦਸ਼ਾਹ ਤੋਂ ਬਹੁਤ ਸਾਰੇ ਇਨਾਮ ਅਤੇ ਰੁਤਬੇ ਹਾਸਲ ਕੀਤੇ। ਪਰ ਕੁਝ ਮਹੀਨਿਆਂ ਦੇ ਵਕਫ਼ੇ ਪਿੱਛੋਂ 26 ਅਗਸਤ 1714 ਈ. ਨੂੰ ਦਿੱਲੀ ਖ਼ਬਰ ਪੁੱਜੀ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਕਰੀਬ ਸੱਤ ਹਜ਼ਾਰ ਜੰਗਜੂ ਯੋਧਿਆਂ ਸਮੇਤ ਪਹਾੜੀਆਂ ਵਿੱਚੋਂ ਨਿਕਲ ਕੇ ਰੋਪੜ 'ਤੇ ਹਮਲਾਵਰ ਹੋਇਆ ਹੈ। ਫਿਰ ਹਰ ਹਫਤੇ ਹੀ ਕਿਸੇ ਨਵੇਂ ਨਗਰ ਜਾਂ ਕਸਬੇ 'ਤੇ ਖਾਲਸਾ ਫੌਜਾਂ ਦੇ ਹਮਲੇ ਦੀ ਖ਼ਬਰ ਦਿੱਲੀ ਦਰਬਾਰ ਵਿੱਚ ਸੁਣਾਈ ਦੇਣ ਲੱਗੀ। 17 ਅਪ੍ਰੈਲ 1715 ਨੂੰ ਦਿੱਲੀ ਦਰਬਾਰ ਵਿੱਚ ਸੂਹ ਪੁੱਜੀ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਬਟਾਲਾ ਸ਼ਹਿਰ ਦੀ ਲੁੱਟ-ਮਾਰ ਕਰਕੇ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਨੂੰ ਪੱਕੇ ਟਿਕਾਣੇ ਵਜੋਂ ਮੁਰੰਮਤ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਹਾਲਾਤ ਨੂੰ ਮੱਦੇਨਜ਼ਰ ਰੱਖਦਿਆਂ 30 ਅਪ੍ਰੈਲ 1715 ਨੂੰ 30 ਹਜ਼ਾਰ ਘੋੜਸਵਾਰਾਂ ਦੀ ਫੌਜੀ ਟੁਕੜੀ ਦਿੱਲੀ ਤੋਂ ਪੰਜਾਬ ਵੱਲ ਤੋਰੀ ਗਈ। ਦਿੱਲੀ ਤੋਂ ਆਈ ਇਸ ਤਾਜ਼ਾ ਦਮ ਸ਼ਾਹੀ ਫੌਜ ਨਾਲ ਰਲ ਕੇ ਪੰਜਾਬ ਦੇ ਸਾਰੇ ਫੌਜਦਾਰਾਂ ਦੀ ਸਾਂਝੀ ਹਕੂਮਤ ਨੇ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਦੁਆਲੇ ਪੱਕਾ ਘੇਰਾ ਪਾ ਲਿਆ। ਸਿੰਘਾਂ ਦੀ ਜਾਨ-ਹੂਲਵੀਂ ਸੂਰਬੀਰਤਾ ਸਾਹਵੇਂ ਅਗਾਂਹ ਵੱਧ ਕੇ ਕਿਲ੍ਹੇ ਨੂੰ ਸਰ ਕਰਨ ਦੀ ਦਲੇਰੀ ਮੁਗਲ ਫੌਜਾਂ ਦੇ ਇਸ ਟਿੱਡੀ ਦਲ ਵਿੱਚ ਨਹੀਂ ਸੀ। ਸੋ ਉਹ ਬਾਹਰ ਘੇਰਾ ਘੱਤ ਕੇ

ਬੈਠ ਗਏ। ਮਹੀਨਿਆਂ ਬੱਧੀ ਘੇਰੇ ਨਾਲ ਕਿਲ੍ਹੇ ਅੰਦਰੋਂ ਰਾਸ਼ਨ ਪਾਣੀ ਮੁੱਕਣਾ ਸੁਭਾਵਿਕ ਸੀ। ਇਬਾਰਤ ਨਾਮੇ ਦਾ ਲਿਖਾਰੀ ਮੁਹੰਮਦ ਕਾਸਮ ਘੇਰਾ ਪਾਉਣ ਵਾਲੀਆਂ ਮੁਗਲ ਫੌਜਾਂ ਵਿੱਚ ਆਪ ਸ਼ਾਮਲ ਸੀ। ਉਹ ਸਿੰਘਾਂ ਦੀ ਬਹਾਦਰੀ ਅਤੇ ਸੂਰਬੀਰਤਾ ਬਾਰੇ ਲਿਖਦਾ ਹੈ:

''ਜਦੋਂ ਇਸ ਕਿਲ੍ਹੇ ਦੀ ਹਵੇਲੀਨੁਮਾ ਚਾਰ-ਦੀਵਾਰੀ ਨੂੰ ਸੁਰੰਗ ਲਾ ਕੇ ਉਡਾ ਦੇਣ ਦਾ ਯਤਨ ਕੀਤਾ ਗਿਆ ਤਾਂ ਸਿੱਖਾਂ ਨੇ ਆਪਣੀ ਜਾਨ ਹਥੇਲੀ ਪਰ ਰੱਖ ਕੇ ਨੇੜੇ ਢੁਕਣ ਵਾਲਿਆਂ ਦੇ ਆਹੂ ਲਾਹੇ। ਫਿਰ ਸ਼ਾਹੀ ਫੌਜ ਨੇ ਭਾਰੀ ਗਿਣਤੀ ਵਿੱਚ ਦਰੱਖਤ ਕੱਟ ਕੇ ਕਿਲ੍ਹੇ ਦੇ ਚੌਪਾਸੀਂ ਸੁੱਟ ਕੇ ਸਿੱਖਾਂ ਦੇ ਰਾਹ ਰੋਕ ਦਿੱਤੇ, ਤਾਂ ਜੋ ਉਹ ਵੇਲੇ ਕੁਵੇਲੇ ਨਿਕਲ ਕੇ ਹੱਲਾ ਨਾ ਕਰ ਸਕਣ ਤੇ ਇਸਦੇ ਨਾਲ ਹੀ ਉਨ੍ਹਾਂ ਨੇ ਕਿਲ੍ਹੇ ਦੀਆਂ ਦੀਵਾਰਾਂ ਦੇ ਬਾਹਰਵਾਰ ਖਾਈ ਪੁੱਟ ਦਿੱਤੀ। ਇਨ੍ਹਾਂ ਹਾਲਾਤਾਂ ਦੇ ਬਾਵਜੂਦ ਵੀ ਸਿੱਖਾਂ ਨੇ ਹਥਿਆਰ ਨਾ ਸੁੱਟੇ। ਕੋਈ ਦਵਾ-ਦਾਰੂ ਦਾ ਪ੍ਰਬੰਧ ਨਹੀਂ ਸੀ। ਮਰੇ ਫੌਜੀਆਂ ਨੂੰ ਸਾੜਨ ਲਈ ਲੱਕੜਾਂ ਨਹੀਂ, ਮਰ ਗਿਆਂ ਲਈ ਕਫਨ ਨਹੀਂ, ਜੀਉਂਦਿਆਂ ਲਈ ਕੱਪੜਾ ਨਹੀਂ। ਸਿੱਖਾਂ ਦੇ ਹਥਿਆਰ ਲੜ-ਲੜ ਕੇ ਖੁੰਡੇ ਹੋ ਗਏ ਜਾਂ ਟੁੱਟ ਫੁੱਟ ਗਏ। ਸਿੱਕਾ ਬਾਰੂਦ ਬਿਲਕੁਲ ਖਤਮ ਹੋ ਗਿਆ। ਦਸ ਹਜ਼ਾਰ ਸਿੱਖਾਂ ਵਿੱਚੋਂ ਭੁੱਖ ਦੇ ਦੁੱਖੋਂ ਅੱਠ ਹਜ਼ਾਰ ਸਿੱਖ ਰੱਬ ਨੂੰ ਪਿਆਰੇ ਹੋ ਗਏ।''

### ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ :

ਅੱਠ ਮਹੀਨੇ ਦੇ ਸਖਤ ਘੇਰੇ ਉਪਰੰਤ ਜਦੋਂ ਗੜ੍ਹੀ ਅੰਦਰੋਂ ਇੱਕ ਵੀ ਤੀਰ ਜਾਂ ਗੋਲੀ ਦਾ ਨਿਸ਼ਾਨਾ ਬਾਹਰ ਆਉਣਾ ਬੰਦ ਹੋ ਗਿਆ ਤਾਂ 7 ਦਸੰਬਰ 1715 ਈ. ਨੂੰ ਸ਼ਾਹੀ ਸੈਨਾ ਦਰਵਾਜ਼ਾ ਤੋੜ ਕੇ ਗੜ੍ਹੀ ਅੰਦਰ ਦਾਖਲ ਹੋਈ। ਮੁਗਲ ਫੌਜੀਆਂ ਨੇ ਭੁੱਖੇ-ਭਾਣੇ, ਬੀਮਾਰ ਤੇ ਬੇ-ਹਥਿਆਰ ਸਿੱਖਾਂ ਨੂੰ ਅੰਨ੍ਹੇਵਾਹ ਕਤਲ ਕੀਤਾ। ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਗ੍ਰਿਫਤਾਰ ਕਰਕੇ, ਜ਼ੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਨਾਲ ਉਸ ਦਾ ਤਿੰਨ ਸਾਲ ਦਾ ਪੁੱਤਰ ਅਜੈ ਸਿੰਘ ਵੀ ਸੀ। ਹਜ਼ਾਰਾਂ ਹੀ ਸਿੱਖਾਂ ਦੇ ਸਿਰ ਕੱਟ ਕੇ ਨੇਜ਼ਿਆਂ 'ਤੇ ਟੰਗ ਕੇ ਅਤੇ ਸੈਂਕੜੇ ਸਿੱਖਾਂ ਨੂੰ ਊਠਾਂ 'ਤੇ ਜਕੜ ਕੇ ਜਲੂਸ ਦੇ ਰੂਪ ਵਿੱਚ ਲਾਹੌਰ ਲਿਜਾਇਆ ਗਿਆ ਅਤੇ ਫਿਰ ਉੱਥੋਂ ਇਹ ਜਲੂਸ ਜਿੱਤ ਦੇ ਜਸ਼ਨ ਮਨਾਉਂਦਾ ਦਿੱਲੀ ਵੱਲ ਰਵਾਨਾ ਹੋਇਆ। ਇਤਿਹਾਸਕਾਰ ਲਤੀਫ ਅਨੁਸਾਰ 10 ਮਾਰਚ 1716 ਨੂੰ ਇਹ ਜਲੂਸ ਦਿੱਲੀ ਸ਼ਹਿਰ ਦੀਆਂ ਵੱਡੀਆਂ ਸੜਕਾਂ 'ਤੇ ਫੇਰਿਆ ਗਿਆ। ਬਾਦਸ਼ਾਹ ਫ਼ਰਖਸੀਅਰ ਦੇ ਹੁਕਮ ਨਾਲ ਇਹ ਸਾਰਾ ਅਡੰਬਰ ਕਰਨ ਦਾ ਮਕਸਦ ਲੋਕਾਂ ਦੇ ਦਿਲਾਂ ਵਿੱਚ ਹਕੂਮਤ ਦੀ ਦਹਿਸ਼ਤ ਪੈਦਾ ਕਰਨਾ ਸੀ।

ਇਤਿਹਾਸਕਾਰ ਖਾਫੀ ਖਾਂ ਅਨੁਸਾਰ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਫੜੇ 740 ਸਿੰਘ ਹਰ ਰੋਜ਼ ਸੌ-ਸੌ ਕਰਕੇ ਕਤਲ ਕੀਤੇ ਜਾਂਦੇ। ਕਤਲ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਆਖਿਆ ਜਾਂਦਾ ਕਿ ਜੇ ਉਹ ਬਗਾਵਤ ਵਾਲਾ ਰਾਹ ਤਿਆਗ ਕੇ ਦੀਨ-ਇਸਲਾਮ ਕਬੂਲ ਕਰ ਲੈਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਜਾ ਸਕਦੀ ਹੈ ਪਰ ਇੱਕ ਵੀ ਸਿੰਘ ਐਸਾ ਨਹੀਂ ਸੀ, ਜਿਸ ਨੇ ਆਪਣੀ ਜਾਨ ਬਚਾਉਣ ਦਾ ਹੀਲਾ ਕੀਤਾ ਹੋਵੇ। ਇਸ ਔਖੇ ਸਮੇਂ ਵੀ ਸਿੱਖਾਂ ਦਾ ਸਿਦਕ ਇਤਨਾ ਮਜ਼ਬੂਤ ਸੀ ਕਿ ਜਦੋਂ ਇੱਕ ਮੁੱਛ-ਫੁੱਟ ਗੱਭਰੂ ਦੀ ਮਾਂ ਨੇ ਮਮਤਾ ਵੱਸ ਬਾਦਸ਼ਾਹ ਫ਼ਰਖਸੀਅਰ ਤੱਕ ਪਹੁੰਚ ਕਰਕੇ ਇਸ ਸ਼ਰਤ 'ਤੇ ਮੁਆਫੀਨਾਮਾ ਲਿਖਵਾ ਲਿਆ ਕਿ ਉਸ ਦਾ ਪੁੱਤਰ ਸਿੱਖ ਨਹੀਂ ਹੈ, ਤਾਂ ਉਸ ਗੱਭਰੂ ਨੇ ਭਰੇ ਦਰਬਾਰ ਵਿੱਚ ਵੰਗਾਰ ਕੇ ਆਖ ਦਿੱਤਾ ਕਿ ''ਮੇਰੀ ਮਾਂ ਝੂਠ ਬੋਲਦੀ ਹੈ।''

ਸੰਨ 1716 ਦੇ ਜੂਨ ਮਹੀਨੇ ਦੇ ਅੱਧ ਤੱਕ ਸਖਤ ਕੈਦ ਵਿੱਚ ਰੱਖ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਖਾਲਸਾਈ ਅਕੀਦੇ ਤੋਂ ਤੋੜਣ ਦੀ ਹਰ ਹੁੰਦੀ ਕੋਸ਼ਿਸ਼ ਮੁਗਲ ਹਕੂਮਤ ਦੇ ਸ਼ਾਹੀ ਕਾਜ਼ੀਆਂ-ਮੌਲਾਣਿਆਂ ਵੱਲੋਂ ਕੀਤੀ ਗਈ। ਉਸ ਦੀ ਦਾਨਸ਼ਮੰਦੀ, ਸੂਰਬੀਰਤਾ ਅਤੇ ਦ੍ਰਿੜ੍ਹਤਾ ਤੋਂ ਪ੍ਰਭਾਵਿਤ ਸ਼ਾਹੀ ਕਾਜ਼ੀ ਨੇ ਉਸ ਨੂੰ

ਪੁੱਛਿਆ, "ਬੰਦੇ! ਤੂੰ ਇਤਨਾ ਦੂਰਅੰਦੇਸ਼ ਹੋ ਕੇ ਵੀ ਇਹ ਸਭ ਕੁਝ ਕਿਉਂ ਕੀਤਾ?"

ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਬੇਬਾਕੀ ਭਰਿਆ ਉੱਤਰ ਦਿੱਤਾ, "ਮੇਰੇ ਸਮਰੱਥ ਸਤਿਗੁਰੂ ਸੱਚੇ ਪਾਤਸ਼ਾਹ ਨੇ ਜ਼ਾਲਮਾਂ ਨੂੰ ਸੋਧਣ ਲਈ ਮੇਰੇ ਹੱਥਾਂ ਵਿੱਚ ਅਥਾਹ ਸ਼ਕਤੀ ਭਰ ਦਿੱਤੀ ਸੀ, ਪਰ ਮੇਰੀਆਂ ਕੋਤਾਹੀਆਂ ਕਾਰਨ ਉਹ ਸ਼ਕਤੀ ਮੇਰੀਆਂ ਉਂਗਲਾਂ ਦੀਆਂ ਵਿਰਲਾਂ ਵਿੱਚੋਂ ਰੇਤਾ ਵਾਂਗ ਕਿਰ ਗਈ। ਮੇਰੀ ਸ਼ਹਾਦਤ, ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਡੰਡਉਤ ਵੀ ਹੈ ਅਤੇ ਆਪਣੀਆਂ ਭੁੱਲਾਂ ਬਖਸ਼ਾਉਣ ਦਾ ਵਸੀਲਾ ਵੀ। ਸਮਾਂ ਆਵੇਗਾ, ਮੁਗਲ ਹਕੂਮਤ ਹਨ੍ਹੇਰੀ ਵਿੱਚ ਉੱਡਦੀਆਂ ਅੱਕ-ਫੰਬੀਆਂ ਵਾਂਗ ਉੱਡ ਜਾਵੇਗੀ ਅਤੇ 'ਖਾਲਸਾ' ਰਾਜ ਕਰੇਗਾ।"

ਬਾਦਸ਼ਾਹ ਫ਼ਰਖਸੀਅਰ ਨੇ ਮਖੌਲ ਵਜੋਂ ਆਖਿਆ, "ਦੱਸ! ਤੈਨੂੰ ਕਿਹੋ ਜਿਹੀ ਮੌਤ ਦਿੱਤੀ ਜਾਵੇ?" ਬੇਬਾਕ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਆਖਿਆ, "ਜਿਹੋ ਜਿਹੀ ਤੂੰ ਆਪਣੀ ਮੌਤ ਚਾਹੁੰਦਾ ਹੈ।"

ਬਾਦਸ਼ਾਹ ਫ਼ਰਖਸੀਅਰ ਨੂੰ ਅਜਿਹੇ ਕਰਾਰੇ ਜਵਾਬ ਦੀ ਆਸ ਨਹੀਂ ਸੀ। ਉਹ ਅੱਗ-ਬਗੂਲਾ ਹੋ ਗਿਆ। ਉਸ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਕਰੀਬ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਟੋਟੇ-ਟੋਟੇ ਕਰ ਦਿੱਤਾ ਗਿਆ ਅਤੇ ਫਿਰ ਮਾਸੂਮ ਦਾ ਤੜਫਦਾ ਦਿਲ ਚੁੱਕ ਕੇ ਉਸ ਦੇ ਮੂੰਹ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਸਭ ਤੋਂ ਪਹਿਲਾਂ ਮਾਸ ਜੰਬੂਰਾਂ ਨਾਲ ਨੋਚਿਆ ਗਿਆ, ਫਿਰ ਇੱਕ ਕੰਨ ਵੱਢ ਦਿੱਤਾ ਗਿਆ, ਇੱਕ ਅੱਖ ਕੱਢੀ ਗਈ ਅਤੇ ਅੰਤ ਵਿੱਚ ਬਾਬਾ ਜੀ ਦਾ ਸਿਰ ਕਲਮ ਕੀਤਾ ਗਿਆ। ਇਤਿਹਾਸਕਾਰਾਂ ਦੀ ਸਾਂਝੀ ਰਾਇ ਅਨੁਸਾਰ ਇਹ ਵਾਕਿਆ ਸੰਨ 1716 ਦੀ 19 ਜੂਨ ਦਾ ਹੈ।

ਬਾਦਸ਼ਾਹ ਫ਼ਰਖਸੀਅਰ ਨੂੰ ਆਖੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਬੇਬਾਕ ਬੋਲ ਕਰੀਬ ਢਾਈ ਕੁ ਸਾਲ ਅਰਸੇ ਬਾਅਦ 28 ਫਰਵਰੀ 1719 ਈ. ਨੂੰ ਉਸ ਸਮੇਂ ਸੱਚ ਸਾਬਤ ਹੋਏ, ਜਦੋਂ ਸੱਯਦ ਭਰਾਵਾਂ ਨੇ ਕਿਲ੍ਹੇ ਦੇ ਅੰਦਰ ਹੀ ਫ਼ਰਖਸੀਅਰ ਨੂੰ ਫੜ ਕੇ ਰੱਸਿਆਂ ਨਾਲ ਜਕੜ ਦਿੱਤਾ। ਸੱਯਦ ਭਰਾਵਾਂ ਵੱਲੋਂ ਮਰਹੂਮ ਬਾਦਸ਼ਾਹ ਜਹਾਂਦਾਰ ਸ਼ਾਹ ਦੇ ਪੁੱਤਰ ਰਫੀਓ-ਦਰ-ਜਾਤ ਨੂੰ ਜੇਲ੍ਹ ਵਿੱਚੋਂ ਕੱਢ ਕੇ ਕੈਦੀਆਂ ਵਾਲੀ ਪੁਸ਼ਾਕ ਵਿੱਚ ਹੀ ਦਿੱਲੀ ਦੇ ਤਖ਼ਤ 'ਤੇ ਬਿਠਾ ਕੇ ਬਾਦਸ਼ਾਹ ਐਲਾਨ ਕਰ ਦਿੱਤਾ ਗਿਆ। ਬਾਦਸ਼ਾਹ ਰਫੀਓ-ਦਰ-ਜਾਤ ਦੇ ਪਹਿਲੇ ਹੁਕਮ ਵਜੋਂ ਸੱਯਦ ਭਰਾਵਾਂ ਨੇ ਜਕੜੇ ਹੋਏ ਫ਼ਰਖਸੀਅਰ ਨੂੰ ਜੰਬੂਰਾਂ ਨਾਲ ਨੋਚਿਆ, ਉਸ ਦੇ ਕੰਨ ਕੱਟੇ ਅਤੇ ਅੰਤ ਵਿੱਚ ਦੋਨੋਂ ਅੱਖਾਂ ਕੱਢ ਕੇ ਕਤਲ ਕਰ ਦਿੱਤਾ।

## ਅੰਤਿਕਾ :

ਅਜਿੱਤ ਸਮਝੇ ਜਾਂਦੇ ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਤਕੜੇ ਕਿਲ੍ਹਿਆਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਖਾਲਸਾ ਰਾਜ ਦੀ ਸਥਾਪਤੀ ਕਰਨੀ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਆਖਰੀ ਵਰ੍ਹੇ ਉਨ੍ਹਾਂ ਨੇ ਸੂਬਾ ਸਰਹੰਦ ਨੂੰ ਨੇਸ਼ਤੋ-ਨਾਬੂਦ ਕਰਕੇ ਮੁਗਲਾਂ ਨੂੰ ਪਹਿਲੀ ਵਾਰ ਉਭਰ ਰਹੀ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਸੀ। ਉਨ੍ਹਾਂ ਦੀ ਇਸ ਪ੍ਰਾਪਤੀ ਨੇ ਹੀ ਹਿੰਦੋਸਤਾਨ ਦੀਆਂ ਦੱਬੀਆਂ-ਕੁਚਲੀਆਂ ਹੋਰ ਕੌਮਾਂ ਨੂੰ ਸੰਗਠਿਤ ਹੋ ਕੇ ਆਪੋ ਆਪਣੇ ਇਲਾਕਿਆ ਵਿੱਚ ਆਪਣੇ ਕੌਮੀ ਪਰਚਮ ਲਹਿਰਾਉਣ ਦੀ ਪ੍ਰੇਰਨਾ ਬਖਸ਼ੀ। ਬੇਸ਼ੱਕ ਬਹੁਤ ਥੋੜ੍ਹੇ ਜਿਹੇ ਅਰਸੇ ਉਪਰੰਤ ਹੀ ਸਾਰੇ ਭਾਰਤ ਵਰਸ਼ ਵਿੱਚ ਫੈਲੀ ਮੁਗਲ ਸ਼ਕਤੀ ਨੇ ਇੱਕਜੁਟ ਹੋ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ, ਪਰ ਉਨ੍ਹਾਂ ਵੱਲੋਂ ਸਿੱਖ ਹਿਰਦਿਆਂ ਅੰਦਰ ਲਗਾਈ ਸਵੈਰਾਜ ਦੀ ਚਿਣਗ ਨੇ ਭਾਂਬੜ ਬਣ ਕੇ ਮੁਗਲ ਸਾਮਰਾਜ ਨੂੰ ਸਾੜ ਕੇ ਸਵਾਹ ਕਰ ਦਿੱਤਾ ਅਤੇ ਸਾਰੇ ਪੰਜਾਬ ਵਿੱਚ ਖਾਲਸਾ ਜੀ ਦੇ ਬੋਲ-ਬਾਲੇ ਦੇ ਪ੍ਰਤੀਕ ਵਜੋਂ 'ਕੇਸਰੀ ਨਿਸ਼ਾਨ ਸਾਹਿਬ' ਝੂਲਣ ਲੱਗ ਪਏ। ਮੇਰੇ ਇਹ ਸ਼ਬਦ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਅਦੁੱਤੀ ਸੂਰਬੀਰਤਾ ਨੂੰ ਡੰਡਉਤ ਵਜੋਂ ਹਨ।

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਇਲਾਕੇ ਦੇ ਪ੍ਰੇਮੀ ਬਾਬਾ ਜੀ ਪਾਸ ਜਾਇਆ ਕਰਦੇ ਸਨ। ਉਨ੍ਹਾਂ ਪਾਸੋਂ ਬਾਬਾ ਜੀ ਨੇ ਪੁੱਛਿਆ ਤਾਂ ਉਨ੍ਹਾਂ ਨੇ ਸਾਰੇ ਹਾਲਾਤ ਦੱਸ ਦਿੱਤੇ। ਨਾਨਕਾ ਸਿੰਘ ਦਾ ਸੇਵਕੀ ਦੇ ਮੋਹ ਵਿੱਚ ਫਸਣਾ ਅਤੇ ਲੋਕਾਂ ਖਾਸ ਕਰ ਮਾਈਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਦੇ 'ਉਪਾਅ' ਦੱਸਣੇ, ਸਾਰੀ ਗੱਲ ਬਾਬਾ ਜੀ ਨੂੰ ਦੱਸੀ ਤਾਂ ਆਪ ਜੀ ਨੇ ਉਨ੍ਹਾਂ ਨੂੰ ਹਦਾਇਤ ਕਰ ਦਿੱਤੀ ਕਿ ਉਹ ਇਲਾਕੇ ਦੇ ਲੋਕਾਂ ਨੂੰ ਨਾਨਕਾ ਸਿੰਘ ਦੇ ਬਹਾਨੇ ਨਾਲ ਜਾਣ ਬਾਰੇ ਦੱਸ ਕੇ ਸੁਚੇਤ ਕਰ ਦੇਣ। ਚਿੱਠੀਆਂ ਵੀ ਪਵਾ ਦਿੱਤੀਆਂ।

ਇਸ ਵਿੱਚ ਵੀ ਸਾਰਿਆਂ ਦਾ ਹੀ ਭਲਾ ਸੀ। ਜੇ ਨਾਨਕਾ ਸਿੰਘ ਨੂੰ ਸੇਵਕੀ ਦੇ ਮੋਹ ਵਿੱਚੋਂ ਨਾ ਕੱਢਿਆ ਜਾਂਦਾ ਤਾਂ ਉਸਨੇ ਵਰ-ਸਰਾਪ ਵਿੱਚ ਪੈ ਕੇ ਪਿਛਲੀ ਕਮਾਈ ਵਿਅਰਥ ਗੁਆ ਦੇਣੀ ਸੀ। ਓਧਰ ਉਸਦੇ 'ਸੇਵਕਾਂ' ਨੂੰ ਵੀ ਸੁਚੇਤ ਕਰਨਾ ਜ਼ਰੂਰੀ ਸੀ।

ਹੌਲੀ-ਹੌਲੀ ਸੇਵਕ ਪਿੱਛੇ ਹੱਟ ਗਏ। ਉਧਰ ਉਸਨੇ ਆਪਣੀ ਪੂਰਤੀ ਲਈ ਪਹਿਲਾਂ ਵਾਂਗ ਭਾਂਡੇ ਬਣਾਉਣ ਦਾ ਕੰਮ ਵਿੱਢ ਲਿਆ। ਵਾਕ-ਸੱਤਾ ਵੀ ਦੂਰ ਹੋ ਚੁੱਕੀ ਸੀ। ਕੁਝ ਸਮਾਂ ਤਾਂ ਖਾਨਦਾਨੀ ਕੰਮ ਕਰਦਾ ਰਿਹਾ, ਫਿਰ ਇੱਕ ਦਿਨ ਅਚਾਨਕ ਪਿੰਡੋਂ ਚਲਿਆ ਗਿਆ। ਹਰਿਦੁਆਰ ਜਾ ਪੁੱਜਾ। ਕਛਹਿਰੇ ਦੀ ਥਾਂ ਲੰਗੋਟ ਪਾ ਲਿਆ। ਗੇਰੂਏ ਬਸਤਰ ਧਾਰਨ ਕਰ ਲਏ। ਲੱਗਾ ਤਰ੍ਹਾਂ-ਤਰ੍ਹਾਂ ਦੇ ਸਾਧਨ ਕਰਨ। ਮਨ ਵਿੱਚ ਇੱਛਾ ਸੀ ਕਿ ਵਾਕ-ਸੱਤਾ ਫਿਰ ਜਾਗ ਪਵੇ, ਕੋਈ ਰਿੱਧੀ-ਸਿੱਧੀ ਜਾਗ ਪਵੇ। ਹਾਲਤ ਉਸ ਦੀ ਇਹੀ ਸੀ-

*ਮਨ ਵਿੱਚੋਂ ਲੈ ਕੇ ਪੈੜ ਪੁੱਟੀ ਸੀ, ਪ੍ਰਭ ਮਿਲਨੇ ਦੀ ਚਾਹ।*
*ਭੁੱਲ ਗਏ ਪਰ ਅੱਧ ਵਿੱਚੋਂ ਹੀ, ਪੈ ਗਏ ਦੂਜੇ ਰਾਹ।*

ਜਦ ਸੇਵਾ ਵਿੱਚ ਲੱਗਾ ਸੀ ਤਾਂ ਪਰਮਾਰਥ ਦੀ ਖਿੱਚ ਸੀ ਸੀਨੇ ਵਿੱਚ, ਪਰ ਮਾਇਆ ਨੇ ਐਸਾ ਪਰਦਾ ਪਾਇਆ ਕਿ ਹੁਣ ਰਿੱਧੀ-ਸਿੱਧੀ ਦੀ ਲੋਚਾ ਪ੍ਰਬਲ ਹੋ ਗਈ ਸੀ। ਬਹੁਤ ਸਾਧਨ ਕੀਤੇ, ਬਹੁਤ ਯਤਨ ਕੀਤੇ ਪਰ ਕੁਝ ਪ੍ਰਾਪਤ ਨਾ ਹੋਇਆ। ਹਾਂ, ਇੱਕ ਦੋ ਵਾਰ ਕੋਈ ਸੇਵਾ ਕਰਨ ਵਾਲਾ ਮਿਲਿਆ ਪਰ ਕਿੰਨਾ ਕੁ ਚਿਰ।

ਜਦ ਕੁਝ ਨਾ ਲੱਭਾ ਤਾਂ ਮਘਿਆਣੇ ਮੁੜ ਆਇਆ। ਬਾਬਾ ਜੀ ਬਾਗੇ ਆਏ ਹੋਏ ਸਨ। ਗੇਰੂਏ ਬਸਤਰ ਉਸਨੇ ਹੁਣ ਲਾਹ ਦਿੱਤੇ ਹੋਏ ਸਨ। ਤੁਰ ਪਿਆ ਬਾਬਾ ਜੀ ਪਾਸ। ਬਾਬਾ ਜੀ ਭਿੜਕੀ ਵਿਖੇ ਠਹਿਰੇ ਹੋਏ ਸਨ। ਝੰਗ-ਮਘਿਆਣੇ ਬਾਗਾ ਆਦਿ ਨਗਰ ਇੱਥੋਂ ਨੇੜੇ ਹੀ ਪੈਂਦੇ ਸਨ। ਇੱਕ ਗੱਠੜੀ ਲੈ ਕੇ ਆ ਪੁੱਜਾ ਬਾਬਾ ਜੀ ਪਾਸ। ਬਾਬਾ ਜੀ ਸੈਰ ਕਰਨ ਗਏ ਹੋਏ ਸਨ। ਬਾਬਾ ਜੀ ਆਏ ਤਾਂ ਗੱਠੜੀ ਭੇਟ ਕਰਨ ਲਈ ਅੱਗੇ ਰੱਖ ਦਿੱਤੀ।

"ਇਹ ਬਹੁਰੂਪੀਆ ਕਿੱਥੋਂ ਆਇਆ ਐ?" ਬਾਬਾ ਜੀ ਨੇ ਤਾੜਿਆ। "ਜੀ ਸਾਰੇ ਦਰਾਂ ਨੂੰ ਗਾਹ ਕੇ ਆਇਆ ਹਾਂ।" ਉਸਨੂੰ ਭੁੱਲ ਦਾ ਅਹਿਸਾਸ ਸੀ।

"ਕਿਆ ਪਾਖੰਡ ਕਰਦਾ ਪਿਆ ਏ! ਲੋਕਾਂ ਨੂੰ ਮਗਰ ਲਾਉਂਦਾ ਸੈਂ! ਲੋਕਾਂ ਤੋਂ ਮੱਥੇ ਟਿਕਾਉਣੇ। ਕਛਹਿਰਾ ਲਾਹ ਕੇ ਸਿਰ 'ਚ ਸੁਆਹ ਪਾਈ। ਹੁਣ ਆ ਕੇ ਪਾਖੰਡ ਕਰਦਾ ਏਂ।"

"ਜੀ ਭੁੱਲ ਹੋ ਗਈ।" "ਕਿੰਨਾ ਮੱਥਾ ਮਾਰਿਆ



*ਧੰਨ ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ*

ਗੁਰੂ ਕੀ ਹਜ਼ੂਰੀ ਸੇਵਾ ਭਾਗਾਂ ਨਾਲ ਮਿਲਦੀ ਐ, ਕੀ ਅਸਰ ਲੀਤਾ! ਤੈ ਤੇ ਟਿਕਾਉਣੇ ਸੀ ਮੱਥੇ ਲੋਕਾਂ ਕੋਲੋਂ। ਕਛਹਿਰਾ ਲਾਹ ਕੇ ਲੰਗੋਟ ਪਾ ਲਿਆ। ਸੁਆਹ ਪਿੰਡੇ 'ਤੇ ਪਾਈ। ਲੱਭਾ ਕੁਝ? ਹੁਣ ਮੁੜ ਆਇਆ। ਕੋਈ ਖੇਡ ਐ!''

''ਜੀ ਭੁੱਲ ਹੋ ਗਈ।'' ''ਹਾਅ ਕੀ ਐ? ਖੋਲ੍ਹ ਇਹਨੂੰ।'' ਨਾਨਕਾ ਸਿੰਘ ਨੇ ਗੱਠੜੀ ਖੋਲ੍ਹੀ। ਵਿੱਚ ਇੱਕ ਕੀਮਤੀ ਕੰਬਲ ਤੇ ਬਹੁਤ ਸੁੰਦਰ ਵੱਡੀ ਮਾਲਾ ਸੀ।

''ਆਹ ਕੀ ਸੱਪ ਚੁੱਕ ਲਿਆਇਆ। ਕਿਸ ਮਾਈ ਨੂੰ ਠੱਗਿਆ ਈ।'' ਸੰਗਤ ਇਕੱਠੀ ਹੋ ਗਈ ਸੀ। ਸਾਰੇ ਨਾਨਕਾ ਸਿੰਘ ਨੂੰ ਹੋ ਰਹੀ ਤਾੜਨਾ ਦੇਖ ਸੁਣ ਰਹੇ ਸਨ। ''ਸੁੱਟੋ ਇਹਨੂੰ ਬਾਹਰ।'' ਬਾਬਾ ਜੀ ਦੇ ਬਚਨ ਕਰਨ ਤੇ ਭਾਈ ਤੀਰਥ ਸਿੰਘ ਨੇ ਗੱਠੜੀ ਵਾੜ ਤੋਂ ਬਾਹਰ ਚਲਾਵੀਂ ਮਾਰੀ। ਇਹ ਦੇਖ ਕਈ ਤਾਂ ਥਰ-ਥਰ ਕੰਬ ਰਹੇ ਸਨ।

''ਕੱਢੋ ਇਹਨੂੰ ਵੀ ਬਾਹਰ।'' ਨਾਨਕਾ ਸਿੰਘ ਨੂੰ ਵੀ ਬਾਹਰ ਕੱਢ ਦਿੱਤਾ ਗਿਆ। ਪ੍ਰਸ਼ਾਦਾ ਪਾਣੀ ਵੀ ਉਸਨੂੰ ਦੇਣ ਦੀ ਮਨਾਹੀ ਕਰ ਦਿੱਤੀ। ਤਿੰਨ ਦਿਨ ਉਹ ਓਥੇ ਹੀ ਰਿਹਾ। ਅਖੀਰ ਭਾਈ ਜਸਵੰਤ ਸਿੰਘ ਅਤੇ ਹਿੰਮਤ ਸਿੰਘ ਦੇ ਬੇਨਤੀ ਕਰਨ ਤੇ ਉਸਨੂੰ ਪੰਜਾਂ ਪਿਆਰਿਆਂ ਪਾਸ ਪੇਸ਼ ਹੋ ਕੇ ਭੁੱਲ ਬਖਸ਼ਾਉਣ ਦਾ ਬਚਨ ਕੀਤਾ। ਭੁੱਲ ਬਖਸ਼ਾਉਣ ਉਪਰੰਤ ਉਸਨੂੰ ਸੁਖਮਨੀ ਸਾਹਿਬ ਦੇ ਪਾਠ ਦੀ ਰੌਲ ਲਾਉਣ ਤੇ ਕੀਰਤਨ ਕਰਨ ਦੀ ਸੇਵਾ ਵਿੱਚ ਲਾ ਲਿਆ।

ਭੁੱਲ ਹੋਣ ਤੇ ਤਾੜਨਾ ਤਾਂ ਹੁਣ ਵੀ ਹੁੰਦੀ, ਪਰ ਹੁਣ ਦਰ ਛੱਡ ਕੇ ਨਾ ਗਿਆ। ਭਾਈ ਹਿੰਮਤ ਸਿੰਘ ਅਤੇ ਲਾਲ ਸਿੰਘ ਇਹ ਸਭ ਜਾਣਦੇ ਸਨ, ਇਸੇ ਲਈ ਜਦ ਬਾਬਾ ਜੀ ਨੇ ਉਨ੍ਹਾਂ ਨੂੰ ਕੁਝ ਮੰਗਣ ਲਈ ਕਿਹਾ ਤਾਂ ਉਨ੍ਹਾਂ ਨੇ ਨਾਨਕਾ ਸਿੰਘ ਤੇ ਕਿਰਪਾ ਕਰਨ ਦੀ ਮੰਗ ਮੰਗੀ।

''ਇਹ ਠੀਕ ਨਹੀਂ ਕਰਦਾ। ਇਹਨੂੰ ਲੈ ਜਾਓ।'' ਬਾਬਾ ਜੀ ਨੇ ਭਾਈ ਹਿੰਮਤ ਸਿੰਘ ਹੋਰਾਂ ਨੂੰ ਕਿਹਾ। ਇਸ 'ਤੇ ਉਨ੍ਹਾਂ ਨੇ ਉਸਨੂੰ ਖਿਮਾ ਮੰਗਣ ਲਈ ਕਿਹਾ।

''ਇਸਦੀ ਧੌਣ ਮੇਂ ਕਿੱਲਾ ਹੈ। ਇਸਨੂੰ ਕੁਝ ਵਸਤੂ ਦਿੱਤੀ ਸੀ ਸੰਭਾਲ ਨਹੀਂ ਸਕਿਆ। ਇਹ ਲੋਕਾਂ ਨੂੰ ਮੁੰਡੇ ਦੇਣ ਲੱਗਾ।'' ਬਾਬਾ ਜੀ ਨੇ ਬਚਨ ਕੀਤਾ। ਨਾਨਕਾ ਸਿੰਘ ਨੂੰ ਭੁੱਲ ਦਾ ਅਹਿਸਾਸ ਹੋ ਗਿਆ ਸੀ।

''ਹੁਣ ਵਸਤੂ ਸੰਭਾਲ ਲਈ ਹੈ।'' ਬਾਬਾ ਜੀ ਨੇ ਰਮਜ਼ ਭਰਿਆ ਬਚਨ ਕੀਤਾ।

*—ਚਲਦਾ*

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਸੰਗ੍ਰਹਿ ਕਰਤਾ- ਸੰਪਾਦਕ

**268**

ਜੇਕਰ ਇੱਕ ਵੀ ਰਿਸ਼ਵਤ ਦਾ ਪੈਸਾ ਘਰ ਆ ਜਾਵੇ ਤਾਂ ਬਾਕੀ ਦੇ ਸਾਰੇ ਪੈਸੇ ਨੂੰ ਵੀ ਭ੍ਰਿਸ਼ਟ ਕਰ ਦਿੰਦਾ ਹੈ।

**269**

ਤਿੰਨ ਤਰ੍ਹਾਂ ਦੀ ਸੇਵਾ ਹੈ, ਕਨਿਸ਼ਟ ਸੇਵਾ, ਮੱਧਮ ਸੇਵਾ ਤੇ ਉੱਤਮ ਸੇਵਾ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਉੱਤਮ ਸੇਵਾ ਸਮਝ ਕੇ ਕਰਨੀ ਚਾਹੀਦੀ ਹੈ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

—ਭਾਈ ਅਮਰੀਕ ਸਿੰਘ ਗਨੈਸਕ

**102**

ਮਨ ਭੂਤਨਾ ਫੁਰਨੇ ਕਰਨੋਂ ਨਹੀਂ ਹੱਟਦਾ ਇਸਨੂੰ ਮਾੜੇ ਫੁਰਨੇ ਤੋਂ ਹਟਾ ਕੇ ਬਾਣੀ ਪੜ੍ਹਨ, ਸੇਵਾ-ਸਿਮਰਨ, ਸ਼ੁਭ ਕਰਮਾਂ ਵਿੱਚ ਲਾਉਣਾ ਹੈ।

**103**

ਇਸ ਰਾਹ ਤੇ ਪਹਿਲਾਂ ਮਰਨਾ ਕਬੂਲ ਕਰਨਾ ਪੈਂਦਾ ਹੈ, ਇਹ ਮਰਨਾ ਦੇਹੀ ਦਾ ਮਰਨਾ ਨਹੀਂ, ਆਪਣੀ ਹੰਗਤਾ, ਆਪਣੀ ਹਉਮੈ, ਆਪਣੀ ਝੂਠੀ ਹੋਂਦ ਦਾ ਮਰਨਾ ਕਬੂਲ ਕਰਨਾ ਹੈ।

# ਪਰਖ ਤੇ ਪ੍ਰਪੱਕਤਾ

ਅੰਕ 134 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। —*ਸੰਪਾਦਕ*

1. ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਦੱਸੋ?
   ੳ) ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ
   ਅ) ਸ੍ਰੀ ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ
   ੲ) ਗੁ: ਸ੍ਰੀ ਬੰਗਲਾ ਸਾਹਿਬ, ਦਿੱਲੀ
2. ਸਭ ਤੋਂ ਪਹਿਲਾਂ ਗੁਰੂ ਸਾਹਿਬ ਵੱਲੋਂ ਸੀਸ ਮੰਗਣ ਤੇ ਸੀਸ ਭੇਟਾ ਕਰਨ ਵਾਲੇ ਪੰਜ ਪਿਆਰਿਆਂ ਵਿੱਚੋਂ ਕੌਣ ਸਨ?
   ੳ) ਭਾਈ ਹਿੰਮਤ ਸਿੰਘ ਜੀ ਅ) ਭਾਈ ਮੋਹਕਮ ਸਿੰਘ ਜੀ ੲ) ਭਾਈ ਦਯਾ ਸਿੰਘ ਜੀ
3. ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹੀਦੀ ਸਮੇਂ ਕਿਹੜੇ ਗੁਰਸਿੱਖ ਨੂੰ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ?
   ੳ) ਭਾਈ ਮਤੀ ਦਾਸ ਜੀ ਅ) ਭਾਈ ਸਤੀ ਦਾਸ ਜੀ ੲ) ਭਾਈ ਦਿਆਲਾ ਜੀ
4. ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਜਦੋਂ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿੱਚ ਆਏ ਤੇ ਉਦੋਂ ਉਨ੍ਹਾਂ ਦੀ ਦੁਨਿਆਵੀਂ ਉਮਰ ਕਿੰਨੀ ਸੀ?
   ੳ) 50 ਸਾਲ ਅ) 55 ਸਾਲ ੲ) 61 ਸਾਲ
5. ਸ੍ਰੀ ਅਨੰਦਪੁਰ ਸਾਹਿਬ ਕਿਹੜੇ ਗੁਰੂ ਸਾਹਿਬ ਜੀ ਨੇ ਵਸਾਇਆ?
   ੳ) ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
   ਅ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
   ੲ) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
6. ਸਭ ਤੋਂ ਪਹਿਲਾਂ ਸਿੱਖ ਇਤਿਹਾਸ ਵਿੱਚ ਕਿਹੜੇ ਗੁਰੂ ਸਾਹਿਬ ਦੀ ਸ਼ਹੀਦੀ ਹੋਈ?
   ੳ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
   ਅ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ
   ੲ) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
7. ਛੇਵੇਂ ਪਾਤਸ਼ਾਹ ਜੀ ਵੱਲੋਂ ਹੁਕਮ ਕਰਨ ਤੇ ਗੁਰੂ ਸਾਹਿਬ ਦੇ ਕਿਹੜੇ ਪਿਆਰੇ ਸਿੱਖ ਨੇ ਲਾਹੌਰ ਦੇ ਕਿਲ੍ਹੇ ਵਿੱਚੋਂ ਘੋੜੇ ਵਾਪਸ ਲਿਆਉਣ ਦੀ ਸੇਵਾ ਨਿਭਾਈ?
   ੳ) ਬਾਬਾ ਧੀਰ ਮੱਲ ਜੀ ਅ) ਬਾਬਾ ਬਿਧੀ ਚੰਦ ਜੀ
   ੲ) ਬਾਬਾ ਬੀਰ ਮੱਲ ਜੀ
8. ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਲਾਵਾ ਹੋਰ ਕਿਹੜੇ ਪਿਆਰੇ ਸਿੱਖ ਦੀ ਬਾਣੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਰੂਪ ਵਿੱਚ ਗਾਈ ਜਾਂਦੀ ਹੈ?
   ੳ) ਯਾਰ ਅੱਲਾ ਖਾਂ ਯੋਗੀ ਅ) ਭਾਈ ਨੰਦ ਲਾਲ ਜੀ ੲ) ਭਾਈ ਮਰਦਾਨਾ ਜੀ
9. 'ਆਪੇ ਗੁਰ ਚੇਲਾ' ਸ਼ਬਦ ਕਿਹੜੇ ਗੁਰੂ ਸਾਹਿਬ ਲਈ ਵਰਤਿਆ ਜਾਂਦਾ ਹੈ?
   ੳ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
   ਅ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
   ੲ) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
10. ਗੁਰੂ ਘਰ ਦੇ ਲੰਗਰ ਲਈ ਬਾਲਣ ਲਿਆਉਂਦੇ ਸਮੇਂ ਕਿਹੜੇ ਰੰਗ ਰਤੜੇ ਸਿੱਖ ਨੇ ਖੂਹ ਵਿੱਚ ਡਿੱਗਣ ਉਪਰੰਤ ਵੀ ਬਾਲਣ ਆਪਣੇ ਸੀਸ ਤੋਂ ਡਿੱਗਣ ਨਹੀਂ ਦਿੱਤਾ?
   ੳ) ਭਾਈ ਮੰਝ ਜੀ ਅ) ਭਾਈ ਪਿਰਾਗਾ ਜੀ
   ੲ) ਭਾਈ ਪਾਰੋ ਜੁਲਕਾ ਜੀ

## ਪਿਛਲੇ ਅੰਕ ਦੇ ਸਹੀ ਜਵਾਬ :-

1. ਗੁ: ਸੀਸ਼ ਮਹਿਲ, ਕੀਰਤਪੁਰ ਸਾਹਿਬ, 2. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, 3. ਸ੍ਰੀ ਗੁਰੂ ਅੰਗਦ ਦੇਵ ਜੀ ਨੇ, 4. 12 ਸਾਲ, 5. ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ, 6. ਭਾਈ ਗੁਰਦਾਸ ਜੀ ਤੋਂ, 7. ਗਵਾਲੀਅਰ ਵੱਲੋਂ, 8. 6 ਗੁਰੂ ਸਾਹਿਬਾਨਾਂ ਦੀ, 9. ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ, 10. ਬੀਬੀ ਵੀਰੋ ਜੀ

## ਜੇਤੂਆਂ ਦੇ ਨਾਮ :

1. ਕੈਪਟਨ ਪਾਲ ਸਿੰਘ (ਫਤਹਿਗੜ੍ਹ ਸਾਹਿਬ), 2. ਬ੍ਰਹਮ ਕੌਰ ਗਿੱਲ (ਜ਼ਿਲ੍ਹਾ ਮੁਕਤਸਰ ਸਾਹਿਬ), 3. ਸ੍ਰ. ਗੁਰਦਰਸ਼ਨ ਸਿੰਘ (ਜ਼ਿਲ੍ਹਾ ਪਟਿਆਲਾ), 4. ਸ੍ਰ. ਗੁਰਮੇਜ ਸਿੰਘ (ਜ਼ਿਲ੍ਹਾ ਫਿਰੋਜ਼ਪੁਰ), 5. ਇੰਸਪੈਕਟਰ ਸਲਵਿੰਦਰ ਸਿੰਘ (ਮੁਹਾਲੀ), 6. ਸ੍ਰ. ਬਲਦੇਵ ਸਿੰਘ (ਜ਼ਿਲ੍ਹਾ ਗੁਰਦਾਸਪੁਰ), 7. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 8. ਗੁਰਪ੍ਰੀਤ ਸਿੰਘ (ਅੰਮ੍ਰਿਤਸਰ), 9. ਬੀਬੀ ਰਵਿੰਦਰ ਕੌਰ (ਲਖਨਊ), 10. ਸਹਿਜਪ੍ਰੀਤ ਕੌਰ (ਅੰਮ੍ਰਿਤਸਰ), 11. ਗੁਰਿੰਦਰ ਸਿੰਘ (ਪਟਿਆਲਾ), 12. ਸਾਵੀ (ਦਿੱਲੀ), 13. ਈਰਾ (ਦਿੱਲੀ)

# प्रश्न उत्तर
# ज़िंदगी की बारीकियाँ

गुरु साहिब जी की कृपा और भाई साहिब भाई गुरकबाल सिंघ जी की प्रेरणा से ज़िंदगी की बारीकियाँ कालम 'सिफति सालाह रसाले' में पिछले कई वर्षों से प्रकाशित हो रहा है। इस कालम में संगतों द्वारा भाई साहिब जी को समय-समय पूछे जाने वाले सवालों के जवाब दिए जाते हैं तांकि गुरमति अनुसार उन प्रश्नों का, उन मुशकिलों का निवारण किया जा सके और ज़िंदगी की बारीकियाँ निकल सकें। इसी कालम की शृंखला को आगे तोरते हस्त लिखत अंक से भाई साहिब जी के कीर्तन के उन अंशों को सवाल-जवाब के रूप में हू-ब-हू प्रकाशित किया जा रहा है जिन में से भाई साहिब जी कीर्तन करते संगत को आम रूप में आने वाली दुनियावी और आध्यात्मिक कठिनाई का गुरमति अनुसार समाधान बतातें हैं।

*शृंखला जोड़ने के लिए पिछला अंक देखें-*

**470 प्रश्नः** गुरमुख के लिए सबसे कठिन समय कौन सा होता है?

**उत्तरः** गुरमुख के लिए सबसे कठिन समय होता है जब उसकी भगति में, साधना में रुकावट आ जाए। भाई वीर सिंघ जी की पुस्तकें पढ़ो। भाई वीर सिंघ जी अपनी एक पुस्तक में लिखते हैं कि किसी की बनी हुई अवस्था नीचे गिर जाए मान लिजिए आप में से किसी को नाम में रस आता हो और अचानक रस वाली अवस्था खत्म हो जाए, सबसे कठिन समय गुरुमुख के लिए वह होता है। दास एक-दो दलीलें आपके साथ सांझी करे।

मान लीजिए आप में से किसी का अमृत वेला (प्रातः काल समय) बना हो और वह टूट जाए, रस तक पहुँचा हो और रस खत्म हो जाए, आध्यात्मिक अवस्था बनी हो, साध संगत जी, उस अवस्था में से नीचे गिर जाए। नीचे गिरता तभी है जब मन में हउमै आती है। इस 'मैं' से बच कर रहना है क्योंकि मैं ही ज्यादा अवस्था को नीचे गिराती है यां फिर कोई कर्म आगे आ जाए, व्यक्ति उसी कारण अवस्था से गिरता है। कई बार कुछ वीर और बहनें कहती है, हमारा अमृत वेला बना हुआ था मगर अब टूट गया। फिर उनसे पूछते हैं, किसी को बता दिया था। वह कहते हैं, हां, जिस दिन से बताया है उस दिन से टूट गया है। यह जितने वीर और बहनें हैं, किसी की आध्यात्मिक अवस्था बनी हो और गिर जाए, रस तक पहुँचा हो और रस खत्म हो जाए, उस लिए वह बहुत कठिन समय होता है।

दास गुरु साहिब की उपस्तिथि में एक

वचन सुनाना चाहता है तां कि बात पूरी तरह समझ आ जाए। कुछ वर्ष पहले की बात है। एक बहन जिसने दास को यह बताया कि वीर जी, मुझ पर इतनी कृपा थी, इतनी कृपा थी कि दस संक्टि यां पंदरां संक्टि बीतते थे, दस-पंदरां संक्टि बाद सुरत गुरु साहिब के चरणों में जुड़ जाती थी, सिमरन चल पड़ता था। गुरु के चरणों से रस आना शुरु हो जाता था। जो बात उस बहन ने बतायी, दास बता रहा है। वह कहने लगी, आज की तारीक में इतनी दुःखी हूँ, आज जब मैं समाधि में बैठने का प्रयास करती हूँ, गुरु के चरण आगे नहीं आते, गलत सीन आगे आते हैं। वह व्यक्ति कितना दुःखी होगा, जिसका गुरु के चरणों में मन जुड़ता हो तो सामने गलत सीन आने शुरु हो जाएँ।

यह सचाई जो भाई वीर सिंघ जी ने लिखी है, इस को समझो। भाई वीर सिंघ जी लिखते हैं, किसी की आध्यात्मिक अवस्था बनी हो, गुरु चरणों में रस आता हो और वह रस टूट जाए, अवस्था नीचे गिर जाए, कहते, कुछ न करो, दो-तीन दिन निकाल कर धन्य श्री गुरु रामदास जी महाराज के दर पर चले जाओ। वहाँ दो-दो, तीन-तीन घण्टे समय अनुसार चौंकड़े मारो, कीर्तन श्रवण करो और साथ वाहिगुरु शब्द की कमाई करो अरदासें, विनतियाँ करो। भाई वीर सिंघ जी लिखते हैं, एक धन्य श्री गुरु रामदास जी महाराज का घर है यहाँ पर आठों पहर दरगाह से रहमतों की, नाम की लहरें वरसती हैं, जिस की भी अवस्था नीचे गिर जाए, धन्य श्री गुरु रामदास जी के घर जा कर अरदासें करे, विनतियाँ करे, जो दरगाह से अमृत वरसता है, धन्य श्री गुरु रामदास जी के घर, उसके फल स्वरूप धन्य श्री गुरु रामदास जी महाराज उसकी बैटरियाँ फिर से चार्ज करके भेज देतें हैं। उसकी गिरी हुई अवस्था को धन्य श्री गुरु रामदास जी भक्ति रस दे कर ऊपर उठा देतें हैं।

**471 प्रश्नः आसण भगति क्या होती है और आसण भगति कैसे की जाती है?**

**उत्तरः** आसण भगति से भाव आसान भगति। यह आसण भगति कलगीधर पिता जी ने माता साहिब कौर जी की झोली में भी डाली है। जब धन्य श्री गुरु गोबिंद सिंघ जी महाराज ने माता साहिब कौर जी को तख्त श्री हजूर साहिब से वचन किया कि दिल्ली चले जाओ। सतिबचन साथ ही हाथ जोड़ कर विनती की माता जी ने कहा सतिगुरु जी हमारे नेम का क्या बनेगा? महाराज जी कहने लगे, कौन सा नेम? माता जी कहने लगे, हम आप जी की कृपा से जो अमृत वेले उठते हैं, जो भी छः-सात घण्टे का चौंकड़ा आप जी की कृपा से लगता है और फिर आपके दर्शन करके ही रसना को कुछ लगाते हैं। अगर हम दिल्ली चले गए तो आपके दर्शन कैसे करेंगे? यह इतिहास है। महाराज जी ने अपने निजी शष्तर दिए और कहा इन शष्तरों का आसण लगाना, मखमली गद्दे पर। इसी तरह एक बजे उठना, इसी तरह सुबह तक जुड़ना और फिर अरदास करके यहाँ आसण लगाया होगा, परदा पीछे करना, शष्तर आसण वाली जगह से दर्शनों के झलकारे देंगे। यह है आसण भगति।

इसी प्रकार गुरु इतिहास में भाई गोंदा जी की साखी आती है। काबल की संगत ने सतिगुरु श्री गुरु हरिराए साहिब जी को विनती की, महाराज जी दर्शन दो। धन्य श्री गुरु हरिराए साहिब जी महाराज कहने लगे, कार्य बहुत हैं। वह कहने लगे कि संगत प्रतीक्षा कर रही है और महाराज जी ने भाई गोंदा जी की तरफ इशारा कर दिया। महाराज जी कहने लगे हमारी जगह भाई गोंदा जी को ले जाओ। संगत का चहरा उदास। आप चलें और धन्य श्री गुरु हरिराए साहिब जी कहने लगे, भाई गोंदा जी से हमारे दर्शन होंगे। संगत खुश हो गई। महाराज जी ने वचन कर दिया है। सिक्ख से इतना प्यार, कमाई थी पर भाई गोंदा जी उदास हो गए। महाराज जी पूछने लगे, भाई गोंदा जी, आप क्यों उदास हो गए? भाई गोंदा जी कहने लगे, सतिगुरु जी, आप जी के बचन सदका संगत को मुझ में से आप जी के दर्शन हो जाएँगे पर मुझे आप जी के दर्शन कैसे होंगे? आगे से धन्य श्री गुरु हरिराए साहिब जी कहने लगे, अमृत समय जब नितनेम करोगे, सामने आसण विछाना, भावना बनाना, हम बैठे हुए हैं और फिर जब नितनेम समाप्त होगा, तुझे दर्शनों के झलकारे मिलेंगे। देखो इतना महान है हमारा इतिहास। यह आसण भगति है। इस से मन गुरु साहिब की हजूरी में रहता है। जिस से रस जल्दी बनता है।

**472 प्रश्नः** धन्य बाबा नंद सिंघ जी भगति करने और संभालने बारे क्या समझाते हैं?

**उत्तरः** इस घर की बड़ी देने हैं। कमाई करवाई भी और कमाई संभालने की जाच भी सिखाई। कोई ऐसा घर मिलेगा? प्यार वाली, बाबा जी ने जो मर्यादा, पूर्णिमा से अगले दिन भाई गुरदास जी की वारों में से यह वार कीर्तन रूप में लगती है:

*हउं तिस घोल घुमाइआ*
*गुरमति रिदै गरीबी आवै।*

(वारः १२, पउड़ी ४)

फिर इस पंक्ति पर दो घण्टे प्रमाण लगने। जो सुबह का कीर्तन होता है। कोई एक पंक्ति ली जाती है और फिर उस पर दो घण्टे प्रमाण चलते हैं। पूरा रज हो जाए। पूर्णिमा से अगले दिन, बाबा जी के तरफ से सारे ही प्रमाण गरीबी के। कई शरीरों ने पूछना, बाबा जी यह क्यों? बाबा जी ने कहना, पूर्णिमा को संगत बहुत आती है, कई प्यार में नमस्कारयें कर जाते हैं और मन कहीं कुछ बन न बैठे, यह सारा प्रकरण गरीबी का लगाते हैं कि धन्य श्री गुरु नानक महाराज जी के घर की नम्रता, गरीबी इस मन को कहीं भूल न जाए। यह वह उच्चा घर है। पूर्णिमा के अगले दिन रागी संता सिंघ जी ने दो घण्टे गरीबी पर प्रमाण दीए:

*सरोठि महला १ घरु १॥*
*मनु हाली किरसाणी करणी सरमु पाणी तनु खेतु ॥*
*नामु बीजु संतोखु सुहागा रखु गरीबी वेसु ॥*

(अंग ५९५)

*करि किरपा जिस कै हिरदै गरीबी बसावै ॥*
*नानक ईहा मुकतु आगै सुखु पावै ॥१॥*

(अंग २७८)

पटियाले के राजे की माता बैठी थी। परदा

-शेष पन्ना 44 पर पढ़ो

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# श्री आनंदपुर साहिब के स्थान की अनेक बड़ाईयाँ

–जसविन्द्र सिंघ (पटियाला)

*शृंखला जोड़ने के लिए पिछला अंक देखें-*

यह 40 सिंघ जब पहुँचे, अपने-अपने घर। बहन कहती है, पानी लेकर आऊँ। पत्नी कहती है, भोजन। पिता कहता है, बेटा आया है। पिता जी कहते हैं, भाई महां सिंघ, पुत्र, मेरे धन्य भाग्य, तू श्री गुरु गोबिंद सिंघ जी के दर्शन करके आ रहा है और मुझे तेरे दर्शन हो रहे हैं। अब भाई महां सिंघ जी को अंदर शर्म आ रही है कि हम तो बेदावा लिखकर आए हैं। किसी ने पूछा कि गुरु साहिब का क्या हाल है? तुम कैसे आ गए। क्या जंग जीत ली? जब इतनी बात कही, आप कैसे आ गए, जंग खत्म हो गई। तब भाई महां सिंघ जी ने कहा कि न तो जंग खत्म हुई और न ही जंग जीती गई है। जब इतनी बात कही, हम बेदावा लिखकर दे आए हैं। कहते है कि इतनी बात सुनते ही पिता बेहोश होकर गिर गया कि मैं दरगाह में क्या मुँह दिखाऊँगा कि एक बेमुख का पिता। मन पर ऐसा असर हुआ। यह झब्बाल के पास गाँव है इतिहास में लिखा है, किसी तरह भी कोई मृत्यु को प्राप्त हो जाता है, तब उसे उठाला कहते थे। कहते सिक्ख मृत्यु को प्राप्त हो गया और उसका उठाला था। सभी गुरुद्वारे में संगत रूप में इकट्ठे हुए, उठाला था और जब इकट्ठे हुए।

*अंते सतिगुरु बोलिआ मै पिछै*
*कीरतनु करिअहु निरबाणु जीउ ॥*

(अंग ९२३)

हुक्म है, कोई मृत्यु को प्राप्त हो जाए तो कथा-कीर्तन हो। जब सभी सिंघ गुरुद्वारे आए तो वहाँ किसी के उठाले पर कथा भी लगी हुई। यह स्वाभाविक बात है। यह आप कभी नोट करना कि श्री गुरु नानक देव महाराज की संगत में बख्शश है कि कई बार जो मन में सवाल हो उसका संगत में जवाब मिल जाता है। उस समय कथा क्या लगी, उठाले पर।

*पापी बहु प्रकार के उतम मधम जाण ॥*
*हतिआ छे प्रकार दी मन महि लेहु पछाण ॥*

पापी अनेक प्रकार के हैं, उत्तम मध्यम और हत्या छः प्रकार की मानी है। आपने सुनी है। कई शरीर नए आते हैं संगत में। जरा सा इशारा सुन लो। यह छह प्रकार की हत्या से बचकर रहो। क्योंकि महापुरुषों की खोज है, 96 करोड़ पाप तकड़ी के एक छाबे में डाल

दो और एक हत्या दूसरे छाबे में डाल दो। 96 करोड़ पाप के तुल्य है, एक हत्या। और पहली हत्या है, गाय हत्या। कोई गाय को मार दे, यह हत्या के समान है। सुचेत रहना। दूसरी हत्या है, सच्चे ब्राह्मण को मार देना, यह भी हत्या के तुल्य है। तीसरी हत्या है, गोत्र हत्या। इसको कुल हत्या भी कहा जाता है कि अपने कुल में से किसी को धोखे से मार देना या यह विचार बनने कि इस से बहुत दुखी हूँ, किसी चीज में ज़हर मिला कर दे दूं, अपने कुल में से किसी को इस तरह से मार देना। किसी को क्या पता लगना है तथा चौथी हत्या है, ऋण हत्या। इन पहली तीनों की आप पर कृपा होगी तथा चौथी को अवश्य ध्यान में रखना। ऋण हत्या होती है, किसी का ऋण भूल जाना। ऋण हत्या किसी से कर्ज़ा लिया है, फिक्र ही नहीं, और काम किए जा रहा है, और आगे से खर्च किए जा रहा है, मन में यह भय नहीं रखता कि यह कर्ज़ा उतारुं। किसी का कर्ज़ा वापिस ना देना, किसी का कर्ज़ा देना भूल जाना, किसी का ऋण ना चुकाना, इस को भी हत्या गिना गया है। एक भीतर इंकलाब लाओ। कोशिश करो, कर्ज़ा उठाओ ना। स्कीमें तो आज कल बहुत हैं। फ्रिज भी किश्तों पर मिल रहे हैं, टी.वी. भी मिल रहे हैं। कपड़े धोने वाली मशीनें भी मिल रही हैं, मकान भी मिल रहे हैं, व्यक्ति चाव-चाव में ले लेता है तथा जब किश्तें चुकानी पड़ती हैं तो मुश्किल आ जाती है। गुरु साहिब कृपा करें। जब पांडवों ने यज्ञ किया, उनकी भावना थी कि सोने के बर्तनों में भोजन करवाना है। कृष्ण जी को कहा, सोना। कृष्ण जी कहते, सुमेर पर्वत से मांग लो। सुमेर पर्वत के पास पांडव गए। सोना चाहिए तथा सुमेर पर्वत कहता है, मांगोगे किस मुँह से और दोगे किस मुँह से। कहते, हँस कर मांग रहे हैं, हँस कर देंगे। इंकार हो गया। आ कर कहते, कृष्ण जी, इंकार हो गया। कहते, कोई बातचीत हुई। कहने लगे, हां जी, उन्होंने पूछा था कि किस मुँह से लोगे और किस मुँह से दोगे। हमने कहा हँस कर लेंगे और हँस कर देंगे। कृष्ण जी कहते लेते तो सभी हँस कर हैं पर देता कोई-कोई ही हँस कर है। फिर युधिष्टिर को भेजा, जाओ सच बताओ। उसने कहा कि लेंगे हँस कर पर देंगे थोड़ा दुखी होकर। मुश्किल-मुश्किल से। यह इतिहास का इशारा है। इसमें से सीख लेनी। लेना भी हँस कर है और देना भी हँस कर है तथा देना भी समय पर है। इस को फील ना करना। दास तो यह कहेगा कि संगत में ही जीवन बनता है। कई शरीरों को दास ने जीवन में देखा कि कई बार उनकी संगत में से मदद होती है। मगर उस मदद को वह उतारते नहीं। और काम करते रहेंगे। संगत की दी हुई मदद वहीं खड़ी रहेगी, दास यह समझता है कि सब से बड़ी हत्या है। संगत में से किसी ने आप की मदद की है तो वापिस करनी चाहिए, ऋण हत्या। कर्ज़ा वापिस न करना। यह हत्या है। जिस का देना है वही खड़ा है, आगे और कार्य हो रहे हैं, यह भी कर लूं, वह भी कर लूं। दास स्टेज से विनती करता है, वैसे तो कर्ज़ा लो ही ना। धार्मिक कर्ज़ा बिल्कुल ना लो। यह विष है। ज़हर है। वैसे तो कर्ज़ा लो ना। अगर किसी दोस्त मित्र से कर्ज़ा लिया भी है तो दास विनती

करेगा, अपने बच्चों को कॉपी पर जरुर लिखवाओ कि फलाने का इतना देना था। हमारी अगर मौत भी हो जाए तो बच्चों में भी भय बना रहे कि मुझे पिता का कर्ज़ा उतार कर दरगाह में उनको सुखी करना है। एक ख्याल। वाहिगुरु सब की उम्र लम्बी करे पर ख्याल इंकलाब वाले होने चाहिएँ। संगत में जीवन बनेगा। कई बार करोसीन कड़वी लगती है, बड़ी मुश्किल है। मुँह में डालो तो व्यक्ति पानी पहले तैयार रखता है। मुँह में ही एक मिनट करोसीन रह जाए, कितना मुश्किल होता है। पानी लेट कर दिया है। है कड़वी पर जब बुखार उतरता है तो व्यक्ति बड़ा सहज हो जाता है। कई वचन तेज होते हैं पर दूसरी तरफ नहीं लेने। एक तरफ लेना है कि अगर यह अवगुण जिंदगी में से निकल गया तो इससे बड़ी बख्शिश कोई नहीं। थोड़ी खा लो। क्या हुआ है। क्या बताएं। दास पटना साहिब गया था। वहाँ फोन आया किसी रिश्तेदार का। घड़ी देख कर दस सैकिण्ड में किसी रिश्तेदार को हार्ट में तकलीफ हुई है और साथ ही शरीर त्याग दिया। जीवन तो इतना ही है। यह कहीं कृपा हो जाए। पाँचवी हत्या है, क्न्या हत्या। अल्टरा सांअड पर और जितने भी बोर्ड लगे हैं, सुधार हो रहा है, पर आप अपने भीतर इंकलाब लाओ कि हे मन, यदि तुम्हारे घर लड़की भी आ गई है तो जितना दर्द लड़की को मां-बाप के लिए होता है, उतना पुत्र को भी नहीं। इसकी हत्या नहीं करनी। पाँचवी हत्या, कन्या हत्या तथा छठी हत्या है, यह इतनी बड़ी है, भूल ना जाना। गाय हत्या, ब्राह्मण हत्या, गोत्र हत्या, ऋण हत्या, कन्या हत्या। 96 करोड़ पाप एक छाबे में तथा एक हत्या एक छाबे में। कहते, अब पाँच हत्या एक छाबे में तथा छठी अकेली एक छाबे में। वह कौन-सी है? छठी हत्या सब से बड़ी है कि जो गुरु से बेमुख हो गया। यह कथा चल रही थी। यह घर वापिस आए थे, एक-दो दिन बाद किसी सिक्ख का उठाला था तथा सारे वहाँ इकट्ठे हुए, यह झब्बाल के पास। इतिहास में से इशारा मिलता है और भाग सिंघ झब्बालिया मिलता है जिसने ज्यादा आगे हो कर बेदावा लिखा। यह उठाले पर कथा लगी तथा सब के मन द्रवित हो गए पछताने लगे कि यह हत्या हम से हुई है। पाँच हत्याओं के तुल्य कि हम अपने गुरु से बेमुख हो गए। खिदराने की ढाब पर इन 40 सिंघों ने फौज को रोका। मुगलों को आगे ना जाने दिया। जब जंग समाप्त हुई तो श्री गुरु गोबिंद सिंघ जी महाराज स्वयं आए और अकेले-अकेले को वर देते हैं। यह मेरा पाँच हजारी। यह मेरा दस हज़ारी। यह मेरा बीस हज़ारी। एक जान सहक रही है, भाई महां सिंघ जी की। वह सिर गोदी में लिया, श्री गुरु गोबिंद सिंघ जी महाराज ने। अब यहाँ प्यार आ जाता है। चमकौर की गढ़ी में पुत्र शहीद हुए हैं तथा ऐसे ही छोड़ कर आ गए हैं। ना कपड़ा डाला है पर यहाँ देख लो, सिक्ख का सिर गोदी में ले लिया तथा अपने गले के हजूरीए से उस के मुख का शुद्ध रक्त पोंछ रहे हैं। महां सिंघ जी, मांगो। राज भाग। मांगो कुछ और। संगत जी इतनी जरुरत है गुरु की। भाई महां सिंघ जी कहते, महाराज जी, यदि

खुश हैं तो एक कृपा कर दो। क्योंकि हम 40 सिंघों की आत्मा दरगाह में जाती है तो सचखंड के द्वार पर बेदावा लिखा हुआ है। हम आपके सिक्ख नहीं, आप हमारे गुरु नहीं। यदि कृपा के घर में आए हो तो महाराज जी, वह बेदावा फाड़ दो। जब तक बेदावा नहीं फटा, सचखंड के द्वार हमारे लिए बंद हैं।

*ना जोड़ा ना घोड़ा, ना बाज ना ताज।*

परिवार बिछुड गया। कहाँ चंदन की चौंकी, कहाँ हीरों का चंदोआ। कहाँ घोड़े, कहाँ हाथी। सब कुछ बिछुड़ गया पर देख लो, गुरु साहिब कितने क्षमावान् हैं कि अपने कमरबंद के साथ बेदावा संभाल कर रखा है कि यदि सिक्ख भूल गए हैं तो मुझे इंतजार है कि जरुर वापिस आएँगे। दास छोटा होता था महांपुरुषों की एक पंक्तियाँ सुनता था। ऐतिहासिक बात है। एक बार पढ़ लो। भाई महां सिंघ जी ने गोदी में सिर रख कर बात मांगी है:

*सतिगुरु माफ कर दिओ मैनूं, जो कसूर हो गया।*
*जिहड़ा लिख के बेदावा, तैथों दूर हो गया।*

सतिगुरु जी ने वचन किया:

*महां सिंघ जी पिआरे, तुसीं बखशे गए सारे।*
*जिहड़ा सीस धरम तों वारे, ओह मनजूर हो गया।*

सतिगुरु जी ने बेदावा फाड़ा। टूटी जोड़ ली। हाथ जोड़ कर विनती है, कोई निगुरा ना रहे। गुरु के बिना सचखंड के द्वार नहीं खुलते। हाथ जोड़ कर विनती है, गुरु वाले बनना। धन्य श्री गुरु गोबिंद सिंघ जी महाराज ने टूटी हुई जोड़ ली तथा क्या कहा? अरदास में रोज़ आपका नाम लिया जाएगा। जहाँ भी कोई सिक्ख अरदास करेगा आपका नाम बीच आएगा। हम बोलते हैं:

*पंज पिआरे, चार साहिबज़ादे, चाली मुकते*

महाराज जी कहते, मुक्तसर की धरती जहाँ बेदावा फाड़ा है, जिस की जिस चीज़ से टूटी है, दरगाही दात से, यहाँ आ कर भावना से मन नीचा करके अरदास करेगा, वहाँ टूटी हुई जुड़ जाएगी। अरदास में नाम तथा फिर आज के दिन, कोई पक्षी भी गुजर जाएगा, वह भी मुक्त। आप में से कोई उद्यम करे, ऐसी किताब लिखे कि जिन-जिन स्थानों पर सतिगुरु जी के प्रत्यक्ष उस समय के बखशीशें भरे वचन कीए हैं, आपको ऐसा लगेगा, हम से अमीर कोई नहीं कि पिता के खज़ाने भरे पड़े हैं, हमारे पास ऐड्रैस नहीं है। चाबियाँ नहीं हैं। हकीकत है। तरन तारन साहिब के सरोवर में, गुरु अर्जुन देव जी महाराज का वचन है, शरीर के रोग राज़ी होंगे। चमड़ी के रोग। महाराज जी की हजूरी में दास वचन सुना रहा है। यहाँ तक दास की भावना थी कि तरन तारन साहिब कोई पाँच स्नान करे, सुखमनी साहिब का कोई आसरा ले, अगर किसी के शरीर को चमड़ी का रोग हो जाए, फुलवहिरी हो जाए या और कोई भी सकिन की कोई बीमारी है ठीक हो सकते हैं। दास आँखों से देखकर हैरान हो गया, एक व्यक्ति बहुत व्यस्त, उसके हाथों में मस्से तथा उससे प्यार करने वाले ने, वहाँ सुखमनी साहिब जी के पाठ की हाज़री भर कर दो कैनियाँ अमृत की भर लीं तथा घर आ कर पतीले में डाल दिया, तरन तारन साहिब का

जल। जिस के हाथों पर मस्से थे, उस को कह दिया कि इस में हाथ डाल कर जपु जी साहिब के पाठ की हाज़री लगा लो, आपके पास टाईम नहीं। लगता नहीं था कि हो जाएगा, जब मस्से वाला हाथ बीच में डाला, जपु जी साहिब के पाठ की हाज़री लगाई, तरन तारन साहिब के सरोवर का जल और सात दिन बाद मस्सों के ऊपर छीलके आ गए तथा छीलके एक दिन बाद उतर गए तथा मस्से आधे रह गए। तीन चार दिन बाद वह छीलके उतरे और बिल्कुल प्लेन मांस। यह दास आँखों बीती बात सुना रहा है। तब दास ने कहा, हम कितने अमीर हैं। एक वचन सदियां बीत गईं पर आज भी झोलियाँ भर रही हैं। सिर्फ संगत तक ऐड्रैस पहुँचाने की आवश्यकता है। बहुत अमीर हो आप। यह मुक्तसर साहिब जहाँ गुरु साहिब जी ने वर दिए। सतिगुरु जी ने बेदावा फाड़ा तथा शब्द सुनते हुए भाई महां सिंघ जी ने अंतिम श्वास ली। आओ जी, यह पंक्तियाँ पढ़े और फिर समाप्ति है:

*बहुते फेर पए किरपन कउ*
*अब किछु किरपा कीजै ॥*
